# ਦਹਿਸ਼ਤਗਰਦੀ ਬਾਰੇ : ਭਰਮ ਅਤੇ ਯਥਾਰਥ

ਆਲੋਕ ਰੰਜਨ

# ਦਹਿਸ਼ਤਗਰਦੀ ਬਾਰੇ: ਭਰਮ ਅਤੇ ਯਥਾਰਥ

ਲੇਖਕ : ਆਲੋਕ ਰੰਜਨ

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ

# ਦਹਿਸ਼ਤਗਰਦੀ ਬਾਰੇ : ਭਰਮ ਅਤੇ ਯਥਾਰਥ

**ਲੇਖਕ : ਆਲੋਕ ਰੰਜਨ**

# Terroism : Myth And Reality

**By Alok Ranjan**

ਪਹਿਲੀ ਵਾਰ — ਅਕਤੂਬਰ 2007

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ–ਲਖਨਊ)
(1) 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ, ਨਿਸ਼ਾਤਗੰਜ, ਲਖਨਊ–226006
(2) 154, ਸ਼ਹੀਦ ਕਰਨੈਲ ਸਿੰਘ ਨਗਰ, ਫੇਜ਼–3,
ਪੱਖੋਵਾਲ ਰੋਡ, ਲੁਧਿਆਣਾ।
ਫੋਨ : 98886–55663

**ਕੀਮਤ : 10 ਰੁਪਏ**

# ਦਹਿਸ਼ਤਗਰਦੀ ਬਾਰੇ: ਭਰਮ ਅਤੇ ਯਥਾਰਥ

ਪੂਰੀ ਦੁਨੀਆਂ ਦੇ ਮੀਡੀਆ ਵਿੱਚ ਅੱਜ ਜੇ ਕੋਈ ਸ਼ਬਦ ਸਭ ਤੋਂ ਵੱਧ ਪੜ੍ਹਨ-ਸੁਨਣ ਨੂੰ ਮਿਲਦਾ ਹੈ ਤਾਂ ਉਹ ਹੈ- ਦਹਿਸ਼ਤਗਰਦੀ ਯਾਣੀ ਟੈਰੇਰਿਜ਼ਮ! ਅਜਿਹਾ ਲਗਦਾ ਹੈ ਕਿ ਸੌਂਦੇ-ਜਾਗਦੇ, ਉਠਦੇ-ਬਹਿੰਦੇ, ਹਰ ਸਮੇਂ ਦੁਨੀਆਂ ਭਰ ਦੇ ਹਾਕਮਾਂ ਨੂੰ ਦਿਹਸ਼ਤਗਰਦੀ ਦਾ ਭੂਤ ਸਤਾਉਂਦਾ ਰਹਿੰਦਾ ਹੈ।

ਸੱਚਾਈ ਇਹ ਹੈ ਕਿ ਦੁਨੀਆ-ਭਰ ਦੇ ਹਾਕਮ ਦਹਿਸ਼ਤਗਰਦੀ ਤੋਂ ਨਹੀਂ ਸਗੋਂ ਲੋਕ-ਇਨਕਲਾਬਾਂ ਦੇ ਭੂਤ ਤੋਂ ਡਰੇ ਰਹਿੰਦੇ ਹਨ। ਉਹ ਲੋਕ-ਇਨਕਲਾਬਾਂ ’ਤੇ ਵੀ ਦਹਿਸ਼ਤਗਰਦੀ ਦਾ ਲੇਬਲ ਚਿਪਕਾ ਦਿੰਦੇ ਹਨ ਤਾਂ ਜੋ ਉਨ੍ਹਾਂ ਨੂੰ ਬਦਨਾਮ ਕੀਤਾ ਜਾ ਸਕੇ। **ਜਿਸ ਚੀਜ਼ ਤੋਂ ਉਨ੍ਹਾਂ ਵਿੱਚ ਡਰ ਪੈਦਾ ਹੁੰਦਾ ਹੈ, ਉਹ ਉਸੇ ਨੂੰ ਹੀ ਦਹਿਸ਼ਤਗਰਦੀ ਐਲਾਨ ਦਿੰਦੇ ਹਨ। ਉਨ੍ਹਾਂ ਦੇ ਸ਼ਬਦ-ਕੋਸ਼ ਵਿੱਚ ਦਹਿਸ਼ਤਗਰਦੀ ਅਤੇ ਲੋਕ-ਇਨਕਲਾਬ ਵਿੱਚ ਕੋਈ ਫਰਕ ਨਹੀਂ ਹੁੰਦਾ।** ਹਾਕਮ ਜਮਾਤ ਹਮੇਸ਼ਾਂ ਇਸੇ ਕੋਸ਼ਿਸ਼ ਵਿੱਚ ਲੱਗੀ ਰਹਿੰਦੀ ਹੈ ਕਿ ਇਤਿਹਾਸ ਅਤੇ ਸਮਾਜਿਕ-ਰਾਜਨੀਤਿਕ ਘਟਨਾਵਾਂ ਦੀ ਸਹੀ ਸਮਝਦਾਰੀ ਲੋਕਾਂ ਵਿੱਚ ਨਾ ਜਾਵੇ ਕਿਉਂਕਿ ਇਸ ਸਹੀ ਸਮਝ ਦੇ ਆਧਾਰ ’ਤੇ ਹੀ ਬੁਨਿਆਦੀ ਸਮਾਜਿਕ-ਬਦਲਾਅ ਦੀ ਸਹੀ ਦਿਸ਼ਾ ਤੈਅ ਹੁੰਦੀ ਹੈ। ਇਸੇ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਰਾਜਨੀਤਿਕ ਘਟਨਾਵਾਂ ਤੇ ਪ੍ਰਕਿਰਿਆਵਾਂ ਦੀ ਵਿਗਿਆਨਕ ਪਰਿਭਾਸ਼ਾ ਅਤੇ ਇਤਿਹਾਸਕ ਵਿਕਾਸ-ਪ੍ਰਕਿਰਿਆ ਤੋਂ ਚੰਗੀ ਤਰਾਂ ਜਾਣੂ ਹੋਈਏ।

## ਦਹਿਸ਼ਤਗਰਦੀ ਦੀ ਪਰਿਭਾਸ਼ਾ ਬਾਰੇ, ਲੋਕ ਇਨਕਲਾਬਾਂ ਦੀ ਪਰਿਭਾਸ਼ਾ ਬਾਰੇ, ਜਨਤਕ ਲੀਹ ਬਾਰੇ ਅਤੇ ਸੱਜੇ ਪੱਖੀ ਭਟਕਾਵਾਂ ਬਾਰੇ

ਕਿਸੇ ਵੀ ਢਾਂਚੇ ਨੂੰ ਬਦਲਣ ਦੀ ਚਾਹਤ ਰੱਖਣ ਵਾਲੇ ਲੋਕ ਜਦੋਂ ਮੁੱਖ ਜਾਂ ਇੱਕੋ-ਇੱਕ ਯੁੱਧ-ਨੀਤੀ ਦੇ ਰੂਪ ਵਿੱਚ ਦਹਿਸ਼ਤ ਦਾ ਇਸਤੇਮਾਲ ਕਰਦੇ ਹਨ, ਤਾਂ ਉਸਨੂੰ ਦਹਿਸ਼ਤਗਰਦੀ ਕਿਹਾ ਜਾਂਦਾ ਹੈ। ਦਹਿਸ਼ਤਗਰਦੀ ਲੋਕਾਂ ਦੀ ਤਾਕਤ ਦੀ ਬਜਾਏ ਮੁੱਠੀ-ਭਰ ਇਨਕਲਾਬੀਆਂ ਦੀ ਬਹਾਦਰੀ, ਕੁਰਬਾਨੀ ਦੇ ਜਜ਼ਬੇ ਅਤੇ ਹਥਿਆਰਾਂ ਦੀ ਤਾਕਤ ’ਤੇ ਵੱਧ ਭਰੋਸਾ ਕਰਦੀ ਹੈ। ਉਹ ਵਿਆਪਕ ਵੱਖ-ਵੱਖ ਜਮਾਤਾਂ ਨੂੰ ਉਨ੍ਹਾਂ ਦੀਆਂ ਮੰਗਾਂ-ਸਮੱਸਿਆਵਾਂ ਨੂੰ ਲੈ ਕੇ ਜਗਾਉਣ, ਲਾਮਬੰਦ ਅਤੇ ਜਥੇਬੰਦ ਕਰਨ, ਹਾਕਮ ਲੋਟੂ ਜਮਾਤਾਂ ਤੇ ਉਨ੍ਹਾਂ ਦੀ ਰਾਜ-ਸੱਤ੍ਹਾ ਦੇ ਵਿਰੁੱਧ ਉਨ੍ਹਾਂ (ਯਾਣੀ ਲੋਕਾਂ ਦੀਆਂ ਵੱਖ-ਵੱਖ ਜਮਾਤਾਂ) ਦਾ ਸਾਂਝਾ ਮੋਰਚਾ ਬਣਾਉਣ, ਲੋਕਾਂ ਨੂੰ ਰਾਜ ਸੱਤਾ ਅਤੇ ਇਨਕਲਾਬ ਬਾਰੇ ਰਾਜਨੀਤਿਕ ਰੂਪ ਤੋਂ ਸਿੱਖਿਅਤ ਕਰਨ ਦੀ ਪ੍ਰਕਿਰਿਆ ’ਤੇ ਜ਼ੋਰ ਨਹੀਂ ਦਿੰਦੀ। ਉਹ ਬੰਦੂਕ ਨੂੰ ਰਾਜਨੀਤੀ ਦੇ ਅਧੀਨ ਨਹੀਂ ਸਗੋਂ ਰਾਜਨੀਤੀ ਨੂੰ ਬੰਦੂਕ ਦੇ ਅਧੀਨ ਰੱਖਦੀ ਹੈ। ਉਹ ਲੋਕ-ਸੰਘਰਸ਼

ਨੂੰ, ਅੱਗੇ ਵੱਧਦੀ ਅਤੇ ਪਿੱਛੇ ਹਟਦੀ ਅਤੇ ਫਿਰ ਅੱਗੇ ਵੱਧ ਕੇ ਆਉਂਦੀ ਲਹਿਰਾਂ ਵਰਗੀ ਪ੍ਰਕਿਰਿਆ ਵਿੱਚ, ਹੇਠਲੇ ਧਰਾਤਲ ਤੋਂ ਕ੍ਰਮਵਾਰ ਉਪਰਲੇ ਧਰਾਤਲ ’ਤੇ ਲੈ ਜਾਣ ਵਿੱਚ, ਅਤੇ ਅਖ਼ੀਰ ਵਿੱਚ ਫੈਸਲਾਕੁਨ ਇਨਕਲਾਬੀ ਜਮਾਤੀ ਸੰਘਰਸ਼ ਦੇ ਪੜਾਅ ਤੱਕ ਪਹੁੰਚਾਉਣ ਵਿੱਚ ਵਿਸ਼ਵਾਸ਼ ਨਹੀਂ ਰੱਖਦੀ। ਇਤਿਹਾਸ ਦੀ ਇਹ ਸਿੱਖਿਆ ਹੈ ਕਿ ਜ਼ਿੰਦਗੀ ਦੀ ਹਰ ਚੀਜ਼ ਦੀ ਤਰ੍ਹਾਂ ਇਨਕਲਾਬਾਂ ਦਾ ਵਿਕਾਸ ਕਰਨ ਦਾ ਰਾਹ ਵੀ ਕੁੰਡਲੀਦਾਰ ਹੁੰਦਾ ਹੈ। ਦਹਿਸ਼ਤਗਰਦੀ ਇਨਕਲਾਬ ਦੇ ਵਿਕਾਸ ਦੇ ਰਾਹ ਨੂੰ ਇੱਕ ਸਿੱਧੀ ਰੇਖਾ ਦੇ ਰੂਪ ਵਿੱਚ ਵੇਖਦੀ ਹੈ। ਦਹਿਸ਼ਤਗਰਦੀ ਹਥਿਆਰਬੰਦ ਸੰਘਰਸ਼ ਨੂੰ ਹੀ ਇਨਕਲਾਬੀ ਸੰਘਰਸ਼ ਦੇ ਇੱਕੋ ਇੱਕ ਰੂਪ ਵੱਜੋਂ, ਜਾਂ ਸ਼ੁਰੂਆਤੀ ਪੜਾਅ ਤੋਂ ਹੀ ਪ੍ਰਮੁੱਖ ਰੂਪ ਵਜੋਂ ਵੇਖਦੀ ਹੈ। ਇਸੇ ਲਈ ਉਹ ਰਾਜਨੀਤੀ ਉਤੇ ਬੰਦੂਕ ਨੂੰ ਪ੍ਰਧਾਨਤਾ ਦਿੰਦੀ ਹੈ।

ਇਨਕਲਾਬ ਦੀ ਵਿਗਿਆਨਕ ਭੌਤਿਕਵਾਦੀ ਸਮਝ ਸਾਨੂੰ ਇਹ ਦੱਸਦੀ ਹੈ ਕਿ ਲੁੱਟ ਅਤੇ ਜਬਰ ਦੇ ਸ਼ਿਕਾਰ ਲੋਕ ਆਪਣੀਆਂ ਆਰਥਿਕ ਤੇ ਰਾਜਨੀਤਿਕ ਮੰਗਾਂ ਨੂੰ ਲੈ ਕੇ ਆਪ-ਮੁਹਾਰੇ ਅੰਦੋਲਨ ਅਤੇ ਵਿਦਰੋਹ ਦੀ ਕਾਰਵਾਈ ਕਰਦੇ ਰਹਿੰਦੇ ਹਨ। ਪਰ ਇਹ ਵਿਦਰੋਹ ਆਪਣੇ-ਆਪ ਇਨਕਲਾਬ ਦਾ ਰੂਪ ਨਹੀਂ ਲੈ ਸਕਦੇ। ਇਨਕਲਾਬ ਇੱਕ ਸਚੇਤਨ ਵਿਗਿਆਨਕ ਪ੍ਰਕਿਰਿਆ ਹੈ, ਜਿਸਦੀ ਇੱਕਸਾਰ ਸਮਝ ਲੋਕਾਂ ਦੇ ਥੋੜ੍ਹੇ ਜਿਹੇ ਵਿਕਸਿਤ ਤੱਤ, ਇਤਿਹਾਸ ਦੇ ਅਧਿਐਨ, ਆਪਣੇ ਸਮੇਂ ਵਿੱਚ ਮੌਜੂਦ ਸਮਾਜ ਦੇ ਸਮਾਜਿਕ-ਰਾਜਨੀਤਿਕ ਢਾਂਚੇ ਅਤੇ ਜਮਾਤੀ ਸਰੂਪ ਦੇ ਅਧਿਐਨ, ਸਾਰੇ ਸਮਕਾਲੀ ਜਮਾਤੀ ਸੰਘਰਸ਼ਾਂ ਦੇ ਅਧਿਐਨ ਅਤੇ ਦੁਨੀਆਂ ਦੇ ਹੋਰਨਾਂ ਦੇਸ਼ਾਂ ਵਿੱਚ ਵੀ ਹੋ ਰਹੇ ਅਤੇ ਹੋ ਚੁੱਕੇ ਇਨਕਲਾਬਾਂ ਦੇ ਅਧਿਐਨ ਦੇ ਸਾਰ-ਸੰਕਲਨ ਤੋਂ ਹਾਸਲ ਕਰਦੇ ਹਨ। ਇਹ ਇੱਕ ਹਮੇਸ਼ਾਂ ਜਾਰੀ ਰਹਿਣ ਵਾਲੀ ਪ੍ਰਕਿਰਿਆ ਹੁੰਦੀ ਹੈ ਜੋ ਪੂਰੇ ਇਨਕਲਾਬੀ ਸੰਘਰਸ਼ ਦੇ ਦੌਰਾਨ ‘ਅਭਿਆਸ-ਸਿਧਾਂਤ-ਅਭਿਆਸ’ ਦੀ ਪ੍ਰਕਿਰਿਆ ਦੇ ਰੂਪ ਵਿੱਚ ਜਾਰੀ ਰਹਿੰਦੀ ਹੈ। ਪੂੰਜੀਵਾਦੀ ਜਮਹੂਰੀ ਇਨਕਲਾਬਾਂ ਦੇ ਯੁੱਗ ਵਿੱਚ ਵੀ (ਮਿਸਾਲ ਦੇ ਤੌਰ ’ਤੇ 1776 ਦੇ ਅਮਰੀਕੀ ਇਨਕਲਾਬ ਜਾਂ 1789 ਦੇ ਫਰਾਂਸੀਸੀ ਇਨਕਲਾਬ ਵਿੱਚ) ਇਹ ਪ੍ਰਕਿਰਿਆ ਅਜਿਹੀ ਹੀ ਹੁੰਦੀ ਸੀ ; ਪਰ ਇਹ ਮੂਲ ਰੂਪ ਵਿੱਚ ਅਤੇ ਮੁੱਖ ਰੂਪ ਵਿੱਚ ਇੱਕ ਸਚੇਤਨ ਪ੍ਰਕਿਰਿਆ ਨਹੀਂ ਸੀ। ਉਨੀਵੀਂ ਸਦੀ ਦੇ ਅੱਧ ਵਿੱਚ ਯੂਰਪ ਵਿੱਚ ਪੂੰਜੀਵਾਦ ਦੇ ਖਿਲਾਫ ਮਜ਼ਦੂਰ ਇਨਕਲਾਬਾਂ ਦੀ ਪ੍ਰਕਿਰਿਆ ਦੀ ਸ਼ੁਰੂਆਤ ਹੋਈ ਅਤੇ ਵੀਹਵੀਂ ਸਦੀ ਦੇ ਨਾਲ਼ ਹੀ ਪੂੰਜੀਵਾਦ ਦੇ ਸਰਵ ਉਚ ਪੜਾਅ-ਸਾਮਰਾਜਵਾਦ ਅਤੇ ਮਜ਼ਦੂਰ ਇਨਕਲਾਬਾਂ ਦੇ ਯੁੱਗ ਦੀ ਸ਼ੁਰੂਆਤ ਹੋਈ। ਪੂੰਜੀਵਾਦ ਜਮਾਤੀ-ਸਮਾਜ ਦੀ ਇੱਕ ਅਜਿਹੀ ਅਵਸਥਾ ਹੈ ; ਜਿਥੋਂ ਮਜ਼ਦੂਰ ਜਮਾਤ ਦੀ ਅਗਵਾਈ ਵਿੱਚ ਹੋਣ ਵਾਲ਼ੇ ਸਮਾਜਵਾਦੀ ਇਨਕਲਾਬ (ਬੇਸ਼ਕ ਕਈ ਹਾਰਾਂ-ਜਿੱਤਾਂ ਅਤੇ ਉਤਰਾਵਾਂ-ਚੜ੍ਹਾਵਾਂ ’ਚੋਂ ਲੰਘ ਕੇ) ਜਮਾਤ ਰਹਿਤ ਸਮਾਜ ਦੀ ਦਿਸ਼ਾ ਵਿੱਚ ਇੱਕ ਲਮਕਵੇਂ ਸੰਕਰਮਣ ਦੀ ਸ਼ੁਰੂਆਤ ਕਰਨਗੇ। ਉਤਪਾਦਨ ਦੇ ਸਾਧਨਾਂ ਤੇ ਮਾਲਕੀ ਤੋਂ ਪੂਰੀ ਤਰ੍ਹਾਂ ਵਾਂਝੇ ਅਤੇ ਜੀਵਨ-ਨਿਰਬਾਹ ਦੇ ਲਈ ਆਪਣੀ ਕਿਰਤ-ਸ਼ਕਤੀ ਵੇਚਣ ’ਤੇ ਨਿਰਭਰ, ਪੂੰਜਵਾਦੀ ਸਮਾਜ ਦੀ ਆਧੁਨਿਕ ਮਜ਼ਦੂਰ-ਜਮਾਤ ਜਮਾਤੀ ਸਮਾਜ ਦੇ ਸਭ ਤੋਂ ਉਨਤ ਇਨਕਲਾਬ ਦੀ ਵਾਹਕ ਜਮਾਤ ਹੈ ਜੋ

ਉਤਪਾਦਨ ਦੇ ਸਾਧਨਾਂ ’ਤੇ ਨਿੱਜੀ ਮਾਲਕੀ ਦਾ ਹੀ (ਜੋ ਹੁਣ ਤੱਕ ਦੇ ਸਾਰੇ ਜਮਾਤੀ-ਸਮਾਜਾਂ ਦੀ ਬੁਨਿਆਦ ਰਹੀ ਹੈ) ਖਾਤਮਾ ਕਰਕੇ ਸਾਰੀਆਂ ਜਮਾਤਾਂ, ਜਮਾਤੀ ਲੁੱਟਾਂ ਅਤੇ ਜਮਾਤੀ-ਸੰਸਥਾਂਵਾਂ ਦੇ ਅਲੋਪ ਹੋਣ ਦੀ ਦਿਸ਼ਾ ਵਿੱਚ ਇਤਿਹਾਸ ਨੂੰ ਅੱਗੇ ਲੈ ਜਾਣ ਵਿੱਚ ਸਮਰੱਥ ਹੈ। ਮਜ਼ਦੂਰ ਇਨਕਲਾਬ ਦੇ ਵਿਗਿਆਨ ਨੇ ਇਸੇ ਗੱਲ ਨੂੰ ਵਿਸਤਾਰ ਨਾਲ਼ ਫਲਸਫੇ (ਦਵੰਦਵਾਦੀ ਅਤੇ ਇਤਿਹਾਸਕ ਭੌਤਿਕਵਾਦ), ਰਾਜਨੀਤਿਕ ਅਰਥ-ਸ਼ਾਸਤਰ ਅਤੇ ਸਮਾਜਵਾਦ ਦੀਆਂ ਵਿਲੱਖਣਤਾਵਾਂ ਦੇ ਡੂੰਘੇ ਅਧਿਐਨ ਦੇ ਰੂਪ ਵਿੱਚ ਪੇਸ਼ ਕੀਤਾ ਅਤੇ ਮਜ਼ਦੂਰ ਜਮਾਤ ਦੀ ਇਨਕਲਾਬੀ ਪਾਰਟੀ ਅਤੇ ਮਜ਼ਦੂਰ ਇਨਕਲਾਬ ਦੀ ਯੁੱਧਨੀਤੀ ਅਤੇ ਆਮ ਦਾਅ-ਪੇਚ ਦਾ ਇੱਕ ਸਿਧਾਂਤ ਪੇਸ਼ ਕੀਤਾ ਜੋ 1871 ਦੇ ਪੈਰਿਸ ਕਮਿਊਨ ਤੋਂ ਲੈ ਕੇ 20ਵੀਂ ਸਦੀ ਦੇ ਸਾਰੇ ਇਨਕਲਾਬਾਂ ਦੌਰਾਨ ਲਗਾਤਾਰ ਵਿਕਾਸ ਕਰਦਾ ਰਿਹਾ ਤੇ ਅੱਗੇ ਵੀ ਕਰਦਾ ਰਹੇਗਾ। ਮਜ਼ਦੂਰ ਇਨਕਲਾਬ ਦੇ ਵਿਗਿਆਨ ਦੀ ਇਹ ਬੁਨਿਆਦੀ ਸਮਝ ਹੈ ਕਿ ਆਮ ਲੋਕ ਆਪਣੇ ਆਪ ਵਿਦਰੋਹਾਂ ਜ਼ਰੀਏ ਇਨਕਲਾਬ ਦੇ ਪੜਾਅ ਤੱਕ ਅੱਗੇ ਨਹੀਂ ਵਧ ਸਕਦੇ। ਮਜ਼ਦੂਰ ਜਮਾਤ ਦੀ ਜਮਾਤੀ ਨਜ਼ਰ ਤੋਂ ਸਮਾਜਿਕ ਇਨਕਲਾਬ ਇੱਕ ਸਚੇਤਨ ਵਿਗਿਆਨਕ ਪ੍ਰਕਿਰਿਆ ਹੈ। ਲੋਕਾਂ ਦੀ ਲੁੱਟ ਦੀ ਪ੍ਰਕਿਰਤੀ, ਲੋਕਾਂ ਦੀਆਂ ਵੱਖੋ-ਵੱਖ ਜਮਾਤਾਂ ਵਿਚਲੀ ਏਕਤਾ ਅਤੇ ਵਿਰੋਧਤਾਈ ਦੇ ਮੂਲ ਕਾਰਨਾਂ, ਪੂੰਜੀਵਾਦੀ ਪੈਦਾਵਾਰੀ-ਸਬੰਧਾਂ, ਸਮਾਜਿਕ ਸਬੰਧਾਂ ਅਤੇ ਰਾਜਨੀਤਿਕ ਢਾਂਚੇ ਨੂੰ ਚੰਗੀ ਤਰ੍ਹਾਂ ਸਮਝੇ ਬਿਨਾਂ ਅਤੇ ਪੂੰਜੀਵਾਦੀ ਵਿਵਸਥਾ ਦੀ ਥਾਂ ਲੈਣ ਵਾਲੀ ਨਵੀਂ ਵਿਵਸਥਾ ਦੀ ਰੂਪ ਰੇਖਾ ਨੂੰ ਸਮਝੇ ਬਿਨਾਂ, ਮਜ਼ਦੂਰ ਇਨਕਲਾਬ ਨੂੰ ਸਫ਼ਲ ਨਹੀਂ ਬਣਾਇਆ ਜਾ ਸਕਦਾ। ਇੱਕ ਇਨਕਲਾਬੀ ਪਾਰਟੀ ਮਜ਼ਦੂਰ ਜਮਾਤ ਦੇ ਹਿਰਾਵਲ ਦਸਤੇ ਦੇ ਰੂਪ ਵਿੱਚ, ਉਸਦੀ ਸਭ ਤੋਂ ਵੱਧ ਜੱਥੇਬੰਦ ਤਾਕਤ ਦੇ ਰੂਪ ਵਿੱਚ, ਉਸਦੀ ਸਰਵ-ਉਚ ਜਥੇਬੰਦੀ ਅਤੇ ਆਗੂ ਜਥੇਬੰਦੀ ਦੇ ਰੂਪ ਵਿੱਚ, ਇਸੇ ਕੰਮ ਨੂੰ ਅੰਜਾਮ ਦਿੰਦੀ ਹੈ।

ਆਮ ਲੋਕ ਆਪਣੇ ਆਰਥਿਕ ਸੰਘਰਸ਼ਾਂ ਦੌਰਾਨ ਜੱਥੇਬੰਦ ਹੋਣ ਅਤੇ ਸੰਘਰਸ਼ ਕਰਨ ਦੀ ਮੁਢਲੀ ਟਰੇਨਿੰਗ ਲੈਂਦੇ ਹਨ ਅਤੇ ਜਥੇਬੰਦੀ ਦੀ ਤਾਕਤ ਤੇ ਮਹੱਤਤਾ ਨੂੰ ਪਛਾਣਦੇ ਹਨ। ਪਰ ਆਰਥਿਕ ਸੰਘਰਸ਼ਾਂ ਦੌਰਾਨ ਰੋਜ਼-ਰੋਜ਼ ਦੀਆਂ ਪਰੇਸ਼ਾਨੀਆਂ ਦੇ ਵਿੱਚ ਜੀਣ ਵਾਲੇ ਕਿਰਤੀ ਫੌਰੀ ਮੰਗਾਂ ਦੀ ਪੂਰਤੀ ਤੋਂ ਮਿਲਣ ਵਾਲੀ ਰਾਹਤ ਦੇ ਪਾਰ ਨਹੀਂ ਵੇਖ ਪਾਉਂਦੇ। ਇਕ ਮਾਲਕ ਨਾਲ਼ ਲੜਦੇ ਹੋਏ ਉਹ ਇਹ ਨਹੀਂ ਸਮਝ ਪਾਉਂਦੇ ਕਿ ਪੂਰੀ ਮਾਲਕ-ਜਮਾਤ ਅਤੇ ਉਸਦੀ ਰਾਜ ਸੱਤ੍ਹਾ ਨਾਲ਼ ਲੜੇ ਬਿਨਾ ਸਮੱਸਿਆ ਦਾ ਬੁਨਿਆਦੀ ਹੱਲ ਸੰਭਵ ਨਹੀਂ। ਉਹ ਆਰਥਿਕ ਸਥਿਤੀ ਨੂੰ ਆਪਣੇ-ਆਪ ਰਾਜਨੀਤੀ ਨਾਲ਼ ਨਹੀਂ ਜੋੜ ਪਾਉਂਦੇ। ਪੂੰਜੀਵਾਦੀ ਸਮਾਜ ਦੀ ਕਿਰਤ-ਵੰਡ ਵਿੱਚ ਮਸ਼ੀਨ ਦੇ ਇੱਕ ਪੁਰਜੇ ਦੀ ਤਰ੍ਹਾਂ ਕੰਮ ਕਰਦੇ ਹੋਏ ਅਲਿਹਦਗੀ (ਏਲੀਅਨੇਸ਼ਨ) ਦੇ ਸ਼ਿਕਾਰ ਮਜ਼ਦੂਰ ਇਤਿਹਾਸ ਅਤੇ ਰਾਜਨੀਤੀ ਦੀ ਬੁਨਿਆਦੀ ਸਿੱਖਿਆ ਤੋਂ ਦੂਰ, ਜਿਉਣ ਦੀਆਂ ਮਾਨਵੀ ਹਾਲਤਾਂ ਤੋਂ ਵੀ ਵਾਂਝੇ ਹੁੰਦੇ ਹਨ। ਅਜਿਹੇ ਹਾਲਾਤ ਵਿੱਚ ਉਹ ਆਪਣੇ-ਆਪ ਇਹ ਨਹੀਂ ਸਮਝ ਪਾਉਂਦੇ ਕਿ ਜਦੋਂ ਤਕ ਉਨ੍ਹਾਂ ਦੀ ਲੁੱਟ ਕਰਨ ਵਾਲਾ ਪੈਦਾਵਾਰੀ ਪ੍ਰਬੰਧ ਬਣਿਆ ਰਹੇਗਾ ਉਦੋਂ ਤਕ ਸਿਰਫ ਕੁੱਝ ਆਰਥਿਕ ਰਿਆਇਤਾਂ-ਰਾਹਤਾਂ ਦੇ ਟੁਕੜੇ ਮਿਲਦੇ ਰਹਿਣ

ਨਾਲ਼ ਕੁੱਝ ਨਹੀਂ ਹੋਵੇਗਾ ਅਤੇ ਪੈਦਾਵਾਰੀ ਪ੍ਰਬੰਧ ਨੂੰ ਬਦਲਣ ਦਾ ਇੱਕੋ ਇੱਕ ਰਸਤਾ ਹੈ ਉਸ ਰਾਜਨੀਤਿਕ ਵਿਵਸਥਾ ਨੂੰ ਬਦਲਣਾ ਜੋ ਪੂਰੇ ਆਰਥਿਕ-ਸਮਾਜਿਕ ਢਾਂਚੇ ਨੂੰ ਬਣਾਈ ਰੱਖਣ ਅਤੇ ਚਲਾਉਣ ਦੀਆਂ ਨੀਤੀਆਂ ਬਣਾਉਂਦੀ ਤੇ ਲਾਗੂ ਕਰਦੀ ਹੈ। ਸਾਰ-ਸੰਖੇਪ ਇਹ ਹੈ ਕਿ **ਸਮਾਜਿਕ ਇਨਕਲਾਬ ਦਾ ਸਵਾਲ ਆਪਣੇ ਬੁਨਿਆਦੀ ਅਤੇ ਅੰਤਮ ਰੂਪ ਵਿੱਚ ਰਾਜ-ਸੱਤ੍ਹਾ ਦਾ ਸਵਾਲ ਹੈ। ਲੋਟੂ ਜਮਾਤਾਂ ਦੀ ਰਾਜ ਸੱਤ੍ਹਾ ਦਾ ਨਾਸ਼ ਕਰਕੇ ਅਤੇ ਆਪਣੀ ਰਾਜ ਸੱਤ੍ਹਾ ਸਥਾਪਿਤ ਕਰਕੇ ਹੀ ਕਿਰਤੀ ਲੋਕ ਆਪਣੇ ਹਿਤਾਂ ਦੇ ਅਨੁਸਾਰੀ ਸਮਾਜਿਕ-ਰਾਜਨੀਤਿਕ ਢਾਂਚੇ ਦਾ ਨਿਰਮਾਣ ਅਤੇ ਸੰਚਾਲਨ ਕਰ ਸਕਦੇ ਹਨ। ਇਹ ਵਿਚਾਰ ਆਮ ਲੋਕਾਂ ਦੇ ਆਰਥਿਕ ਸੰਘਰਸ਼ਾਂ ਵਿੱਚੋਂ ਆਪ-ਮੁਹਾਰੇ ਪੈਦਾ ਨਹੀਂ ਹੁੰਦਾ। ਇਸਨੂੰ ਸਚੇਤਨ ਜਥੇਬੰਦਕ ਪ੍ਰਕਿਰਿਆ ਰਾਹੀਂ ਲੋਕਾਂ ਵਿੱਚ ਲੈ ਜਾਣਾ ਹੁੰਦਾ ਹੈ। ਇਨਕਲਾਬ ਦੀਆਂ ਹਰਾਵਲ ਤਾਕਤਾਂ ਇਸੇ ਕੰਮ ਨੂੰ ਅੰਜਾਮ ਦਿੰਦੀਆਂ ਹਨ।** ਉਹ ਲੋਕਾਂ ਦੇ ਆਰਥਿਕ ਸੰਘਰਸ਼ਾਂ ਦੇ ਨਾਲ਼-ਨਾਲ਼ ਉਨ੍ਹਾਂ ਦੀਆਂ ਰਾਜਨੀਤਿਕ ਮੰਗਾਂ ਨੂੰ ਲੈ ਕੇ ਸਮੁੱਚੀ ਲੋਟੂ-ਹਾਕਮ ਜਮਾਤ ਅਤੇ ਉਸਦੀ ਰਾਜ ਸੱਤ੍ਹਾ ਵਿਰੁੱਧ ਸੰਘਰਸ਼ਾਂ ਨੂੰ ਜੱਥੇਬੰਦ ਕਰਦੀਆਂ ਹਨ ਅਤੇ ਇਸ ਪ੍ਰਕਿਰਿਆ ਵਿੱਚ ਇਨਕਲਾਬੀ ਰਾਜਨੀਤਿਕ ਸਿੱਖਿਆ ਦੇ ਮਾਧਿਅਮ ਨਾਲ ਉਨ੍ਹਾਂ ਨੂੰ ਲਗਾਤਾਰ ਇਹ ਚੇਤਨਾ ਦਿੰਦੀਆਂ ਹਨ ਕਿ ਬੁਨਿਆਦੀ ਅਤੇ ਫੈਸਲਾਕੁੰਨ ਸਵਾਲ ਰਾਜ ਸੱਤ੍ਹਾ ਦਾ ਸਵਾਲ ਹੈ ਅਤੇ ਰਾਜਨੀਤਿਕ ਇਨਕਲਾਬ ਤੋਂ ਬਿਨਾਂ ਆਰਥਿਕ ਲੁੱਟ ਤੋਂ ਮੁਕਤੀ ਸੰਭਵ ਹੀ ਨਹੀਂ ਹੈ। ਸਾਫ ਹੈ ਕਿ ਇਨਕਲਾਬ ਦੇ ਵਿਗਿਆਨ ਨੂੰ ਪੂਰੀ ਤਰ੍ਹਾਂ ਆਤਮਸਾਤ ਕਰਨਾ, ਉਸਦੀ ਸਿਧਾਂਤਕ ਸਮਝ ਬਣਾ ਲੈਣਾ ਸਮੁੱਚੇ ਲੋਕਾਂ ਲਈ ਸੰਭਵ ਨਹੀਂ ਹੋ ਸਕਦਾ (ਸਮਾਜਵਾਦੀ ਸੰਕਰਮਣ ਦੌਰਾਨ ਪੂੰਜੀਵਾਦੀ ਕਿਰਤ-ਵੰਡ ਦੇ ਪ੍ਰਭਾਵਾਂ ਦੀ ਸਮਾਪਤੀ ਦੇ ਬਾਅਦ ਹੀ, ਦਿਮਾਗੀ ਕਿਰਤ ਅਤੇ ਸਰੀਰਕ ਕਿਰਤ ਦੇ ਫਰਕ ਦੇ ਕ੍ਰਮਵਾਰ ਖਾਤਮੇ ਤੋਂ ਬਾਅਦ ਹੀ ਇਹ ਸੰਭਵ ਹੋ ਸਕਦਾ ਹੈ)। ਇਹ ਕੰਮ ਇਨਕਲਾਬ ਦੀ ਅਗਵਾਈ ਕਰਨ ਵਾਲੀ ਤਾਕਤ ਕਰਦੀ ਹੈ। ਵਿਸ਼ਾਲ ਲੋਕਾਈ ਵਿਚਾਰਧਾਰਾ ਅਤੇ ਇਨਕਲਾਬੀ ਰਾਜਨੀਤੀ ਦੇ ਅਧਿਕਾਰ ਨੂੰ ਸੰਘਰਸ਼ ਦੇ ਤਜ਼ਰਬਿਆਂ ਦੇ ਅਧਾਰ 'ਤੇ ਅਤੇ ਇਨਕਲਾਬੀ ਪ੍ਰਚਾਰ ਅਤੇ ਸਿੱਖਿਆ ਦੀ ਮਦਦ ਨਾਲ਼ ਪ੍ਰਵਾਨ ਕਰਦੀ ਹੈ। ਯਾਣੀ ਉਹ ਫਲਸਫੇ ਅਤੇ ਅਰਥ-ਸ਼ਾਸਤਰ ਦੀਆਂ ਡੂੰਘਾਈਆਂ ਵਿੱਚ ਤਾਂ ਨਹੀਂ ਉਤਰ ਪਾਉਂਦੀ ਪਰ ਇਹ ਜਾਣ ਲੈਂਦੀ ਹੈ ਕਿ ਇਨਕਲਾਬ ਹੀ ਇੱਕੋ ਇੱਕ ਰਸਤਾ ਹੈ ਅਤੇ ਉਸਨੂੰ ਕਿਸ ਤਰ੍ਹਾਂ ਅੰਜਾਮ ਦਿੱਤਾ ਜਾਵੇਗਾ ਅਤੇ ਆਉਣ ਵਾਲੇ ਸਮਾਜ ਦਾ ਢਾਂਚਾ, ਪੈਦਾਵਾਰ ਅਤੇ ਰਾਜ ਕਾਜ ਦਾ ਤਰੀਕਾ ਕਿਹੋ ਜਿਹਾ ਹੋਵੇਗਾ।

ਇਤਿਹਾਸ ਵਿੱਚ ਅਜਿਹੇ ਵੀ ਲੋਕ ਹੋਏ ਹਨ ਅਤੇ ਅੱਜ ਵੀ ਹਨ ਜੋ ਇਹ ਮੰਨਦੇ ਰਹੇ ਹਨ ਕਿ ਮਜ਼ਦੂਰਾਂ ਨੂੰ ਸਿਰਫ਼ ਆਰਥਿਕ ਸੰਘਰਸ਼ ਹੀ ਕਰਨਾ ਚਾਹੀਦਾ ਹੈ ਜਾਂ ਆਰਥਿਕ ਸੰਘਰਸ਼ ਹੀ ਅੱਗੇ ਜਾ ਕੇ ਰਾਜਨੀਤਿਕ ਸੰਘਰਸ਼ ਵਿੱਚ ਬਦਲ ਜਾਂਦੇ ਹਨ। ਇਸ ਚਿੰਤਨ ਧਾਰਾ ਨੂੰ **ਅਰਥਵਾਦ** ਕਿਹਾ ਜਾਂਦਾ ਰਿਹਾ ਹੈ। ਇਸੇ ਚਿੰਤਨ ਤੋਂ ਪ੍ਰੇਰਿਤ ਹੋ ਕੇ ਜੋ ਲੋਕ ਸਿਰਫ਼ ਟਰੇਡ ਯੂਨੀਅਨਾਂ ਜੱਥੇਬੰਦ ਕਰਨ 'ਤੇ ਹੀ ਜ਼ੋਰ ਦਿੰਦੇ ਰਹੇ ਨੇ ਅਤੇ ਵਿਗਿਆਨਕ ਸਮਾਜਵਾਦ ਨੂੰ ਮਾਰਗ-ਦਰਸ਼ਕ ਮੰਨਣ ਵਾਲੀ ਪਾਰਟੀ ਬਣਾਉਣ ਦੀ ਜ਼ਿੰਮੇਦਾਰੀ ਦੀ

ਸਿੱਧੇ ਜਾਂ ਅਸਿੱਧੇ ਰੂਪ ਵਿੱਚ ਅਣਦੇਖੀ ਕਰਦੇ ਰਹੇ ਨੇ, ਉਨ੍ਹਾਂ ਨੂੰ **ਟਰੇਡ-ਯੂਨੀਅਨਵਾਦੀ** ਕਿਹਾ ਜਾਂਦਾ ਰਿਹਾ ਹੈ। ਜੋ ਲੋਕ ਮਜ਼ਦੂਰਾਂ ਦੇ ਸੰਘਰਸ਼ਾਂ ਦੀ ਆਪ-ਮੁਹਾਰਤਾ ਅਤੇ ਟਰੇਡ-ਯੂਨੀਅਨ 'ਤੇ ਹੀ ਪੂਰਾ ਭਰੋਸਾ ਕਰਕੇ ਸਚੇਤਨ ਰੂਪ ਨਾਲ ਉਨ੍ਹਾਂ ਦੇ ਰਾਜਨੀਤਿਕ ਪਾਰਟੀ ਬਣਾਉਣ ਦੇ ਕੰਮ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਗੈਰਜ਼ਰੂਰੀ ਮੰਨਦੇ ਰਹੇ ਹਨ ਉਨ੍ਹਾਂ ਨੂੰ **ਅਰਾਜਕਤਾਵਾਦੀ-ਸੰਘਵਾਦੀ** ਦੇ ਨਾਂ ਨਾਲ਼ ਜਾਣਿਆ ਜਾਂਦਾ ਹੈ। ਵਿਗਿਆਨਕ ਸਮਾਜਵਾਦ ਨੇ ਪੂਰੇ ਮਨੁੱਖੀ ਇਤਿਹਾਸ ਨੂੰ ਜਮਾਤੀ-ਘੋਲਾਂ ਦਾ ਇਤਿਹਾਸ ਦੱਸਦੇ ਹੋਏ ਇਹ ਸਪੱਸ਼ਟ ਕੀਤਾ ਕਿ ਕੋਈ ਵੀ ਲੋਟੂ ਜਮਾਤ ਲੁੱਟੀ ਜਾ ਰਹੀ ਜਮਾਤ ਦੇ ਹੱਥਾਂ ਵਿੱਚ ਸ਼ਾਂਤੀਪੂਰਵਕ ਢੰਗ ਨਾਲ਼ ਸੱਤ੍ਹਾ ਨਹੀਂ ਦਿੰਦੀ। ਰਾਜ ਸੱਤ੍ਹਾ ਕਿਸੇ ਖਾਸ ਜਮਾਤ ਦੇ ਸ਼ਾਸਨ-ਲੁੱਟ ਨੂੰ ਕਾਇਮ ਰੱਖਣ ਦਾ, ਇੱਕ ਖਾਸ ਸਮਾਜਿਕ-ਆਰਥਿਕ ਢਾਂਚੇ ਨੂੰ ਬਣਾਈ ਰੱਖਣ ਦਾ ਕੇਂਦਰੀ ਸੰਦ ਹੈ। ਇਹ ਤਾਕਤ ਦੀ ਵਰਤੋਂ ਕਰਕੇ ਸਥਾਪਿਤ ਅਤੇ ਕਾਇਮ ਰਹਿੰਦੀ ਹੈ ਅਤੇ ਇਸਨੂੰ ਤਾਕਤ ਦੀ ਵਰਤੋਂ ਕਰਕੇ ਹੀ ਨਸ਼ਟ ਕੀਤਾ ਜਾ ਸਕਦਾ ਹੈ ਅਤੇ ਨਵੀਆਂ ਜਮਾਤਾਂ ਦੇ ਹਿੱਤਾਂ ਨੂੰ ਪੂਰਾ ਕਰਨ ਵਾਲੀ ਨਵੀਂ ਰਾਜ ਸੱਤ੍ਹਾ ਕਾਇਮ ਕੀਤੀ ਜਾ ਸਕਦੀ ਹੈ। ਅੱਜ ਅਜਿਹੇ ਖੱਬੇ-ਪੱਖੀ ਦੁਨੀਆਂ ਵਿੱਚ ਬਹੁਤ ਹਨ ਜੋ ਤਾਕਤ ਦੀ ਵਰਤੋਂ ਕਰਕੇ ਰਾਜ ਸੱਤ੍ਹਾ ਨੂੰ ਨਸ਼ਟ ਕਰਕੇ ਨਵੀਂ ਰਾਜ ਸੱਤ੍ਹਾ ਬਣਾਉਣ ਦੇ ਸਿਧਾਂਤ ਦੀ ਥਾਂ, ਯਾਨੀ ਇਨਕਲਾਬੀ ਬਦਲਾਅ ਦੀ ਥਾਂ, ਸ਼ਾਂਤੀਪੂਰਨ ਸੰਕਰਮਣ ਦਾ ਸਿਧਾਂਤ ਪੇਸ਼ ਕਰਦੇ ਹਨ ਅਤੇ ਸੰਸਦ ਵਿੱਚ ਬਹੁਮਤ ਹਾਸਲ ਕਰਕੇ ਸਮਾਜਵਾਦ ਲਿਆਉਣ ਦਾ ਸੁਪਨਾ ਦਿਖਾਉਂਦੇ ਹਨ। ਅਜਿਹੀਆਂ ਸਾਰੀਆਂ ਧਾਰਾਵਾਂ ਅਸਲ ਵਿੱਚ ਮਜ਼ਦੂਰ ਅੰਦੋਲਨ ਵਿੱਚ ਵਿਵਸਥਾ ਦੇ ਘੁਸਪੈਠੀਏ ਦੀ ਅਤੇ ਪੂੰਜੀਵਾਦੀ ਵਿਵਸਥਾ ਦੇ ਸੁਰੱਖਿਆ ਕਵਚ ਦੀ ਭੂਮਿਕਾ ਨਿਭਾਉਂਦੀਆਂ ਹਨ। ਇਨ੍ਹਾਂ ਨੂੰ **ਸੋਧਵਾਦੀ ਜਾਂ ਸੱਜੇਪੱਖੀ-ਮੌਕਾਪ੍ਰਸਤ** ਕਿਹਾ ਜਾਂਦਾ ਹੈ। ਆਮ ਬੋਲਚਾਲ ਦੀ ਬੋਲੀ ਵਿੱਚ ਇਨ੍ਹਾਂ ਨੂੰ **ਸੰਸਦਮਾਰਗੀ ਖੱਬੇ ਪੱਖੀ** ਵੀ ਕਿਹਾ ਜਾਂਦਾ ਹੈ। ਇਨਕਲਾਬੀ ਰਾਜਨੀਤੀ ਵਿੱਚ ਸੱਜੇਪੱਖੀ-ਮੌਕਾਪ੍ਰਸਤੀ ਆਮਤੌਰ 'ਤੇ ਮੱਧਵਰਗੀ ਕਾਇਰਤਾ ਤੋਂ ਪੈਦਾ ਹੁੰਦੀ ਹੈ ਅਤੇ ਫਿਰ ਇਸਦੇ ਨੇਤਾ ਬੁਰਜੂਆ ਰਾਜਨੀਤੀਵਾਨਾਂ ਵਿੱਚ ਤਬਦੀਲ ਹੋ ਜਾਂਦੇ ਹਨ ਅਤੇ ਖੁਲ੍ਹੇ ਗੱਦਾਰਾਂ ਦੀ ਭੂਮਿਕਾ ਵਿੱਚ ਆ ਜਾਂਦੇ ਹਨ।

ਮਜ਼ਦੂਰ ਇਨਕਲਾਬ ਹਰ ਹਾਲਤ ਵਿੱਚ ਇਨਕਲਾਬੀ ਜਨਤਕ ਲੀਹ 'ਤੇ ਅਮਲ ਕਰਦਾ ਹੈ। **ਇਨਕਲਾਬੀ ਜਨਤਕ ਲੀਹ ਦਾ ਮਤਲਬ ਇਹ ਮੰਨਣਾ ਹੈ ਕਿ ਲੁੱਟ ਜਬਰ ਦੇ ਸ਼ਿਕਾਰ ਲੋਕਾਂ ਨੂੰ ਜਗਾਉਣ, ਲਾਮਬੰਦ ਅਤੇ ਜੱਥੇਬੰਦ ਕੀਤੇ ਬਿਨਾਂ ਕਿਸੇ ਵੀ ਸਮਾਜਿਕ ਇਨਕਲਾਬ ਨੂੰ ਅੰਜਾਮ ਨਹੀਂ ਦਿੱਤਾ ਜਾ ਸਕਦਾ।** ਇਨਕਲਾਬ ਥੋੜੇ ਜਿਹੇ ਇਨਕਲਾਬੀਆਂ ਦੁਆਰਾ ਕੀਤੀ ਜਾਣ ਵਾਲੀ ਸਾਜਿਸ਼ੀ ਕਾਰਵਾਈ ਨਹੀਂ ਹੈ। ਇਸਨੂੰ ਥੋੜ੍ਹੇ ਜਿਹੇ ਲੋਕ ਹਥਿਆਰਬੰਦ ਹੋ ਕੇ ਕੁੱਝ ਲੋਟੂਆਂ ਜਾਂ ਨੇਤਾਵਾਂ ਦੀ ਹੱਤਿਆ ਕਰਕੇ ਜਾਂ ਦਹਿਸ਼ਤ ਪੈਦਾ ਕਰਕੇ ਨਹੀਂ ਕਰ ਸਕਦੇ। ਇਹ ਵੀ ਇਕ ਭੁਲੇਖਾ ਹੈ ਕਿ ਇਨਸਾਫ ਦੇ ਲਈ ਕੁੱਝ ਲੋਕਾਂ ਨੂੰ ਲੜਦੇ-ਮਰਦੇ ਵੇਖ ਕੇ ਜਾਂ ਹਾਕਮ ਜਮਾਤਾਂ ਨੂੰ ਦਹਿਸ਼ਤ ਵਿੱਚ ਆਉਂਦਾ ਵੇਖ ਕੇ ਆਮ ਲੋਕ ਉਠ ਖੜੇ ਹੋਣਗੇ ਅਤੇ ਇਨਕਲਾਬ ਕਰ ਦੇਣਗੇ। ਉਹ ਅਜਿਹੇ ਲੋਕਾਂ ਪ੍ਰਤੀ ਸ਼ਰਧਾ-ਭਾਵ ਰੱਖ ਸਕਦੇ ਹਨ ਪਰ ਇਸਤੋਂ ਆਪ-ਮੁਹਾਰੇ ਉਠ ਕੇ ਕੋਈ ਭੂਮਿਕਾ ਨਹੀਂ ਨਿਭਾ

ਸਕਦੇ। ਇਨਕਲਾਬ ਸਿਰਫ਼ ਰਾਜਨੀਤਿਕ ਤਖ਼ਤਾਪਲਟ ਨਹੀਂ ਹੁੰਦਾ। ਕਦੇ-ਕਦੇ ਅਜਿਹਾ ਵੀ ਹੋਇਆ ਹੈ ਕਿ ਕਿਸੇ ਅੱਤ ਦੀ ਤਾਨਾਸ਼ਾਹੀ ਦੇ ਖਿਲਾਫ ਆਮ ਲੋਕਾਂ ਦੇ ਸਮਰਥਨ ਨਾਲ਼ ਕੁੱਝ ਲੋਕਾਂ ਨੇ ਤਖ਼ਤਾਪਲਟ ਕਰ ਦਿੱਤਾ ਪਰ ਕੁੱਝ ਸਮਾਂ ਬੀਤਣ ਬਾਅਦ ਉਹ ਨਵੇਂ ਹਾਕਮ ਇੱਕ ਖਾਸ-ਅਧਿਕਾਰਾਂ ਵਾਲੀ ਲੋਟੂ ਜੁੰਡਲੀ ਵਿੱਚ ਤਬਦੀਲ ਹੋ ਗਏ। **ਇਨਕਲਾਬ ਦੀ ਪ੍ਰਕਿਰਿਆ ਜਦ ਵਿਆਪਕ ਲੋਕਾਂ ਦੀ ਸਚੇਤਨ ਪਹਿਲਕਦਮੀ ਅਤੇ ਸਰਗਰਮ ਸ਼ਮੂਲੀਅਤ ਨਾਲ਼ ਅੱਗੇ ਵੱਧਦੀ ਹੈ ; ਤਾਂ ਲੋਕ ਇਸੇ ਦੌਰਾਨ ਫੈਸਲੇ ਲੈਣਾ ਅਤੇ ਰਾਜ-ਕਾਜ ਸੰਭਾਲਣਾ ਵੀ ਸਿੱਖਦੇ ਹਨ ਅਤੇ ਤਾਂ ਹੀ ਜਾ ਕੇ ਇਨਕਲਾਬ ਦੇ ਬਾਅਦ ਸੱਚੇ ਅਰਥਾਂ ਵਿੱਚ ਲੋਕਾਂ ਦੀ ਸੱਤ੍ਹਾ ਕਾਇਮ ਹੋ ਸਕਦੀ ਹੈ, ਲੋਕ ਆਪ ਆਪਣੀ ਕਿਸਮਤ ਦਾ ਫੈਸਲਾ ਕਰਨ ਵਾਲੇ ਬਣ ਸਕਦੇ ਹਨ ਅਤੇ ਨਵੀਂ ਸਮਾਜਿਕ-ਆਰਥਿਕ ਵਿਵਸਥਾ ਦੀ ਸਿਰਜਣਾ ਕਰ ਪਾਉਂਦੇ ਹਨ। ਲੋਕ ਹੀ ਅਸਲੀ ਇਤਿਹਾਸ-ਸਿਰਜਣਕਾਰੀ ਤਾਕਤ ਹਨ - ਇਹ ਮੰਨਣਾ ਹੀ ਇਨਕਲਾਬੀ ਜਨਤਕ ਲੀਹ ਹੈ।**

## ਦਹਿਸ਼ਤਗਰਦੀ ਜਾਂ ਮਾਰਕੇਬਾਜ਼ੀ ਇਤਿਹਾਸ ਦੇ ਪੰਨਿਆਂ ’ਤੇ ਇੱਕ ਸਰਸਰੀ ਨਜ਼ਰ-ਕੁੱਝ ਜ਼ਰੂਰੀ ਸਬਕ, ਕੁੱਝ ਕੀਮਤੀ ਨਿਚੋੜ

ਜਿਨ੍ਹਾਂ ਲੋਕਾਂ ਨੂੰ ਵਿਆਪਕ ਕਿਰਤੀ ਲੋਕਾਂ ਦੀ ਸਮੂਹਕ ਇਤਿਹਾਸਕ ਤਾਕਤ ਤੇ ਸਿਰਜਣਸ਼ੀਲਤਾ ’ਤੇ ਭਰੋਸਾ ਨਹੀਂ ਹੁੰਦਾ ਉਹ ਲੋਕਾਂ ਨੂੰ ਇੱਕ ਗੈਰ-ਸਰਗਰਮ ਤਾਕਤ ਸਮਝਦੇ ਹਨ ਜਾਂ ਝੁੰਡ ਸਮਝਦੇ ਹਨ। ਉਨ੍ਹਾਂ ਦੀ ਇਹ ਸਮਝ ਹੁੰਦੀ ਹੈ ਕਿ ਲੋਕ ਆਪਣੀ ਮੁਕਤੀ ਆਪ ਹਾਸਲ ਨਹੀਂ ਕਰਦੇ ਸਗੋਂ ਕੁੱਝ ਥੋੜੇ ਜਿਹੇ ਵੀਰੇ ਇਨਕਲਾਬੀ ਆਪਣੀਆਂ ਕਾਰਵਾਈਆ ਰਾਹੀਂ ਉਨ੍ਹਾਂ ਦੇ ਮੁਕਤੀਦਾਤਾ ਦੀ ਭੂਮਿਕਾ ਨਿਭਾਉਂਦੇ ਹਨ। ਇਤਿਹਾਸ ਵਿੱਚ ਮਜ਼ਦੂਰ ਇਨਕਲਾਬ ਦੀ ਧਾਰਾ ਦੇ ਜਨਮ ਤੋਂ ਪਹਿਲਾਂ ਵੀ ਅਜਿਹੇ ਇਨਕਲਾਬੀ ਮੌਜੂਦ ਸਨ ਜਿਨ੍ਹਾਂ ਦਾ ਭਰੋਸਾ ਲੋਕ-ਇਨਕਲਾਬ ਵਿੱਚ ਨਹੀਂ ਸੀ ਅਤੇ ਜੋ ਮੰਨਦੇ ਸਨ ਕਿ ਥੋੜ੍ਹੇ-ਜਿਹੇ ਇਨਕਲਾਬੀ ਹਥਿਆਰ ਚੁੱਕ ਕੇ **ਸਾਜਿਸ਼ ਅਤੇ ਦਹਿਸ਼ਤ** ਰਾਹੀਂ ਸੱਤ੍ਹਾ ਬਦਲਣ ਦਾ ਉਦੇਸ਼ ਹਾਸਲ ਕਰ ਸਕਦੇ ਹਨ। ਫਰਾਂਸ ਦੇ 1789 ਦੇ ਪੂੰਜੀਵਾਦੀ ਜਮਹੂਰੀ ਇਨਕਲਾਬ ਤੋਂ ਬਾਅਦ ਜਦੋਂ ਸੱਤ੍ਹਾ ’ਤੇ ਕਾਬਜ ਬੁਰਜੂਆਜ਼ੀ ਇਨਕਲਾਬ ਦੇ ਐਲਾਨੇ ਹੋਏ ਨਿਸ਼ਾਨਿਆਂ ਤੋਂ ਪਿੱਛੇ ਹੱਟ ਕੇ ਪੂੰਜੀਵਾਦੀ ਵਿਵਸਥਾ ਨੂੰ ਮਜ਼ਬੂਤ ਕਰਨ ਲੱਗੀ ਅਤੇ ਲੋਕਾਂ ਨਾਲ਼ ਧੋਖਾ ਕਰਨ ਲੱਗੀ ਤਾਂ ਉਥੇ ਵੀ ਅਜਿਹੀ ਇਕ ਰਾਜਨੀਤਿਕ ਧਾਰਾ ਸਾਹਮਣੇ ਆਈ ਜਿਸਨੇ ਇੱਕ ਜਮਹੂਰੀ ਸਮਤਾਵਾਦੀ ਸਮਾਜ ਦੀ ਸਥਾਪਨਾ ਲਈ, ਲੋਕਾਂ ਨੂੰ ਲਾਮਬੰਦ ਕਰਨ ਦੀ ਬਜਾਏ ਹਥਿਆਰਬੰਦ ਸਾਜਿਸ਼ ਅਤੇ ਇਨਕਲਾਬੀ ਦਹਿਸ਼ਤ ਦਾ ਸਹਾਰਾ ਲਿਆ। 19ਵੀਂ ਸਦੀ ਦੇ ਮੱਧ ਤੋਂ ਯੂਰਪ ਦੀ ਮਜ਼ਦੂਰ ਲਹਿਰ ਵਿੱਚ **ਮਾਰਕਸ-ਏਂਗਲਜ਼** ਦੁਆਰਾ ਖੋਜੇ ਗਏ ਵਿਗਿਆਨਕ ਸਮਾਜਵਾਦ ਦੇ ਵਿਚਾਰਾਂ ਦਾ ਪ੍ਰਚਾਰ-ਪ੍ਰਸਾਰ ਹੋਣ ਲੱਗਾ। ਪਰ ਵਿਗਿਆਨਕ ਸਮਾਜਵਾਦ ਦੇ ਨਾਲ਼-ਨਾਲ਼ ਦਹਿਸ਼ਤਗਰਦੀ ਜਾਂ ਮਾਅਰਕੇਬਾਜੀ ਦੀ ਧਾਰਾ ਵੀ ਮੌਜੂਦ ਸੀ। ਫਰਾਂਸੀਸੀ ਇਨਕਲਾਬੀ ਅਤੇ ਯੁਟੋਪੀਆਈ ਕਮਿਊਨਿਸਟ **ਲੁਈ ਅਗਸਤ ਬਲਾਂਕੀ** ਇਸੇ ਧਾਰਾ ਦੇ ਪ੍ਰਤੀਨਿਧੀ ਸਨ। ਬਲਾਂਕੀ ਅਤੇ ਬਲਾਂਕੀ ਪੰਥੀਆਂ ਦਾ ਇਹ ਮੰਨਣਾ ਸੀ ਕਿ *“ਉਜਰਤੀ ਮਜ਼ਦੂਰੀ ਦੀ ਗੁਲਾਮੀ ਤੋਂ ਮਨੁੱਖਜਾਤੀ ਦਾ ਛੁਟਕਾਰਾ*

*ਮਜ਼ਦੂਰਾਂ ਦੇ ਜਮਾਤੀ-ਸੰਘਰਸ਼ ਰਾਹੀਂ ਨਹੀਂ ; ਸਗੋਂ ਬੁੱਧੀਜੀਵੀਆਂ ਦੀ ਛੋਟੀ ਜਿਹੀ ਘੱਟਗਿਣਤੀ ਦੁਆਰਾ ਰਚੀ ਸਾਜਿਸ਼ ਦੇ ਰਾਂਹੀ"* ਹੋਵੇਗਾ। ਉਨ੍ਹਾਂ ਨੇ ਸਫਲ ਵਿਦਰੋਹ ਦੇ ਲਈ ਠੋਸ ਹਾਲਤਾਂ ਨੂੰ ਧਿਆਨ ਵਿੱਚ ਰੱਖਣ ਅਤੇ ਆਮ ਲੋਕਾਂ ਨਾਲ਼ ਸਬੰਧ ਕਾਇਮ ਕਰਨ ਦੀ ਬਜਾਏ ਥੋੜ੍ਹੇ ਜਿਹੇ ਸਾਜਿਸ਼ ਕਰਨ ਵਾਲਿਆਂ ਦੀਆਂ ਗੁਪਤ ਸਰਗਰਮੀਆਂ ਦਾ ਰਸਤਾ ਅਪਣਾਇਆ। ਇਸ ਰਸਤੇ ਦੀ ਨਾਕਾਮਯਾਬੀ ਸ਼ੱਕ ਰਹਿਤ ਸੀ ਅਤੇ ਅਜਿਹਾ ਹੀ ਹੋਇਆ। ਰੂਸ ਵਿੱਚ 19ਵੀਂ ਸਦੀ ਦੇ ਨੌਂਵੇਂ ਦਹਾਕੇ ਵਿੱਚ **ਨਰੋਦਵਾਦੀ ਲਹਿਰ** ਦੀ ਇਕ ਧਾਰਾ ਨੇ ਦਹਿਸ਼ਤਗਰਦੀ ਦਾ ਰਸਤਾ ਚੁਣਿਆ ਸੀ ਅਤੇ ਨਾਕਾਮਯਾਬ ਹੋਈ ਸੀ। ਨਰੋਦਵਾਦ ਰੂਸ ਦੀ ਇਨਕਲਾਬੀ ਜਮਹੂਰੀ ਲਹਿਰ ਵਿੱਚ 1860 ਅਤੇ 1870 ਦੇ ਦਹਾਕਿਆਂ ਵਿੱਚ ਜਨਮੀ ਇੱਕ ਰਾਜਨੀਤਿਕ ਪ੍ਰਵਿਰਤੀ ਸੀ। ਨਰੋਦਵਾਦੀ ਆਪਣੇ ਆਪ ਨੂੰ ਸਮਾਜਵਾਦੀ ਕਹਿੰਦੇ ਸਨ, ਪਰ ਉਨ੍ਹਾਂ ਦਾ ਸਮਾਜਵਾਦ ਯੂਟੋਪੀਆਈ ਸੀ ਜਿਸ ਵਿੱਚ ਸਮਾਜਿਕ ਵਿਕਾਸ ਦੇ ਕ੍ਰਮ ਅਤੇ ਪ੍ਰਕਿਰਿਆ ਦੀ ਕੋਈ ਸਹੀ ਸਮਝ ਨਹੀਂ ਸੀ। ਨਰੋਦਵਾਦੀ ਰੂਸ ਵਿੱਚ ਪੂੰਜੀਵਾਦੀ ਵਿਕਾਸ ਨੂੰ ਅਸੰਭਵ ਮੰਨਦੇ ਸਨ ਅਤੇ ਮਜ਼ਦੂਰਾਂ ਦੀ ਬਜਾਏ ਕਿਸਾਨਾਂ ਨੂੰ ਮੁੱਖ ਇਨਕਲਾਬੀ ਤਾਕਤ ਮੰਨਦੇ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਰੂਸੀ ਕਿਸਾਨ ਜ਼ਾਰ ਦੀ ਨਿਰੰਕੁਸ਼ ਸੱਤ੍ਹਾ ਨੂੰ ਉਖਾੜ ਕੇ ਪੁਰਾਣੇ ਪੇਂਡੂ ਭਾਈਚਾਰੇ ਦਾ ਹੀ ਅੱਗੇ ਵਿਕਾਸ ਕਰਕੇ ਸਮਾਜਵਾਦ ਦੀ ਸਿਰਜਣਾ ਕਰਨਗੇ। ਕਿਸਾਨਾਂ ਨੂੰ ਜੱਥੇਬੰਦ ਕਰਨ ਵਿੱਚ ਅਸਫਲ ਹੋਣ ਤੋਂ ਬਾਅਦ ਨਰੋਦਵਾਦ ਦੀ ਮੁੱਖ ਧਾਰਾ ਉਦਾਰਪੰਥੀ ਸੁਧਾਰਵਾਦੀ ਬਣ ਗਈ ਅਤੇ ਇਨਕਲਾਬ ਦੀ ਬਜਾਏ ਸਿਰਫ਼ ਕੁੱਝ ਬੁਰਜੂਆ ਸੁਧਾਰਾਂ ਦੀ ਮੰਗ ਤੱਕ ਸੁੰਗੜ ਕੇ ਰਹਿ ਗਈ। ਪਰ ਇਸੇ ਲਹਿਰ ਦੀ ਇੱਕ ਦੂਜੀ ਧਾਰਾ 1879 ਵਿੱਚ **'ਨਰੋਦਨਾਇਆ ਵੋਲਯਾ'** ਦੇ ਰੂਪ ਵਿੱਚ ਸਾਹਮਣੇ ਆਈ। ਇਸ ਧਾਰਾ ਨੇ ਰਾਜਨੀਤਿਕ ਸੰਘਰਸ਼ ਦੀ ਲੋੜ 'ਤੇ ਜ਼ੋਰ ਦਿੱਤਾ। ਪਰ ਆਪਣੇ ਗੈਰਵਿਗਿਆਨਕ, ਨਿਮਨ ਪੂੰਜੀਵਾਦੀ (ਮੱਧਵਰਗੀ) ਨਜ਼ਰੀਏ ਕਾਰਨ ਉਹ ਸਾਜਿਸ਼ ਅਤੇ ਵਿਅਕਤੀਗਤ ਦਹਿਸ਼ਤ ਨੂੰ ਹੀ ਰਾਜਨੀਤਿਕ ਸੰਘਰਸ਼ ਦਾ ਸਮਾਨਅਰਥੀ ਮੰਨ ਬੈਠੀ। ਕਈ ਨਾਕਾਮਯਾਬ ਕੋਸ਼ਿਸ਼ਾਂ ਦੇ ਬਾਅਦ, 1881 ਵਿੱਚ ਜ਼ਾਰ ਅਲੈਕਸਾਂਦਰ ਦੀ ਹੱਤਿਆ ਦੇ ਬਾਅਦ ਕਈ ਲੋਕਾਂ ਨੂੰ ਫਾਂਸੀ ਅਤੇ ਕੈਦ ਦੀ ਸਜ਼ਾ ਸੁਣਾਈ ਗਈ ਅਤੇ ਭਿਆਨਕ ਜ਼ਬਰ ਦੇ ਬਾਅਦ **'ਨਰੋਦਨਾਇਆ ਵੋਲਯਾ'** ਦੀਆਂ ਸਰਗਰਮੀਆਂ ਦਾ ਅੰਤ ਹੋ ਗਿਆ।

ਵੀਹਵੀਂ ਸਦੀ ਵਿੱਚ ਬਸਤੀਆਂ ਵਿੱਚ ਜਾਰੀ ਕੌਮੀ ਮੁਕਤੀ-ਸੰਘਰਸ਼ਾਂ ਵਿੱਚ ਜ਼ਿਆਦਾਤਰ ਪੂੰਜੀਵਾਦੀ ਜਮਹੂਰੀਅਤ ਅਤੇ ਮਜ਼ਦੂਰ ਜਮਾਤ ਦੀ ਅਗਵਾਈ ਵਾਲੀ ਲੋਕ-ਜਮਹੂਰੀਅਤ ਦੀਆਂ ਰਾਜਨੀਤਿਕ ਧਾਰਾਵਾਂ ਕ੍ਰਮਵਾਰ ਬੁਰਜੂਆਜ਼ੀ ਅਤੇ ਮਜ਼ਦੂਰ ਜਮਾਤ ਦੀ ਅਗਵਾਈ ਵਿੱਚ, ਕੌਮੀ ਮੁਕਤੀ-ਸੰਘਰਸ਼ ਤੇ ਆਪਣੇ ਪ੍ਰਭਾਵ ਦੇ ਲਈ ਸੰਘਰਸ਼ ਕਰਦੀਆਂ ਦਿਸਦੀਆਂ ਹਨ। ਪਰ ਇਸਦੇ ਨਾਲ਼-ਨਾਲ਼ ਬਹੁਤੇ ਦੇਸ਼ਾਂ ਵਿੱਚ ਇੱਕ ਨਿਮਨ-ਪੂੰਜੀਵਾਦੀ (ਪੈਟੀ-ਬੁਰਜੂਆ) ਜਾਂ ਮੱਧਵਰਗੀ ਇਨਕਲਾਬੀ ਧਾਰਾ ਵੀ ਹਰਕਤ ਵਿੱਚ ਦਿਸਦੀ ਹੈ। ਇਹ ਧਾਰਾ ਇਨਕਲਾਬੀ-ਦਹਿਸ਼ਤਗਰਦ ਧਾਰਾ ਸੀ ਜੋ ਕੌਮੀ ਮੁਕਤੀ, ਜਮਹੂਰੀ ਗਣਰਾਜ ਦੀ ਸਥਾਪਨਾ ਅਤੇ ਕਦੀ-ਕਦੀ ਸਮਾਜਵਾਦ ਤੱਕ ਨੂੰ ਵੀ ਆਪਣਾ

ਟੀਚਾ ਐਲਾਨਦੀ ਸੀ, ਪਰ ਇਸ ਟੀਚੇ ਦੀ ਪ੍ਰਾਪਤੀ ਲਈ ਇਸ ਧਾਰਾ ਦੀਆਂ ਗੁਪਤ ਇਨਕਲਾਬੀ ਜਥੇਬੰਦੀਆਂ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਜਥੇਬੰਦ ਕਰਨ ਦੀ ਬਜਾਏ ਛੋਟੇ-ਛੋਟੇ ਦਸਤਿਆਂ ਦੀਆਂ ਹਥਿਆਰਬੰਦ ਕਾਰਵਾਈਆਂ, ਤਖ਼ਤਾਪਲਟ ਸਾਜਿਸ਼ਾਂ ਅਤੇ ਦਹਿਸ਼ਤ ਦਾ ਰਸਤਾ ਅਪਣਾਉਂਦੀਆਂ ਸਨ। ਇਸਦਾ ਕਾਰਨ ਦਹਿਸ਼ਤਗਰਦੀ ਜਾਂ ਮਾਅਰਕੇਬਾਜੀ ਦੇ ਜਮਾਤੀ ਚਰਿੱਤਰ ਵਿੱਚ ਮੌਜੂਦ ਹੈ।

**ਦਹਿਸ਼ਤਗਰਦੀ ਅਸਲ ਵਿੱਚ ਨਿਮਨ-ਪੂੰਜੀਵਾਦੀ ਜਾਂ ਮੱਧਵਰਗੀ ਇਨਕਲਾਬੀ ਪ੍ਰਵਿਰਤੀ ਹੈ। ਮੱਧਵਰਗ ਵਿਚ ਵਿਚਾਲ਼ੇ ਖੜੀ ਪੂੰਜਵਾਦੀ ਸਮਾਜ ਦੀ ਇੱਕ ਅਜਿਹੀ ਜਮਾਤ ਹੈ ਜਿਸਦਾ ਸਭ ਤੋਂ ਉਪਰਲਾ ਹਿੱਸਾ ਤਾਂ ਵੱਡੇ ਪੂੰਜੀਪਤੀਆਂ ਦੇ ਟੁੱਕੜ-ਖੋਰ** (ਪ੍ਰਸ਼ਾਸਕ, ਬੁੱਧੀਜੀਵੀ, ਰਾਜਨੀਤਿਕ ਪ੍ਰਤੀਨਿਧੀ, ਸਿਧਾਂਤਕਾਰ ਆਦਿ ਦੇ ਰੂਪ ਵਿੱਚ) **ਦੀ ਭੂਮਿਕਾ ਨਿਭਾਉਂਦਾ ਹੈ ; ਪਰ ਵਿਚਕਾਰਲਾ ਤੇ ਹੇਠਲਾ ਹਿੱਸਾ ਪੂੰਜੀ ਦੀ ਲੁੱਟ-ਮਾਰ ਤੋਂ ਦੁਖੀ ਰਹਿੰਦਾ ਹੈ। ਅਰਧ ਜਗੀਰੂ-ਬਸਤੀ-ਅਰਧ ਬਸਤੀ ਸਮਾਜਾਂ ਵਿੱਚ ਇਹ ਮੱਧਵਰਗ ਪੂੰਜੀਵਾਦੀ-ਸਾਮਰਾਜਵਾਦੀ ਲੁੱਟ ਦੇ ਨਾਲ਼ ਹੀ ਜਗੀਰੂ ਲੁੱਟ ਦਾ ਵੀ ਸ਼ਿਕਾਰ ਸੀ ਅਤੇ ਕੌਮੀ ਮੁਕਤੀ, ਜਮਹੂਰੀ ਗਣਰਾਜ ਦੀ ਸਥਾਪਨਾ ਅਤੇ ਸਮਾਜਵਾਦ ਦਾ ਹਾਮੀ ਸੀ। ਪੂੰਜੀਵਾਦੀ ਲੁੱਟ ਇਸ ਮੱਧਵਰਗ ਨੂੰ ਸਮਾਜਵਾਦ ਦੇ ਟੀਚੇ ਦੇ ਨੇੜੇ ਲਿਆ ਕੇ ਖੜ੍ਹਾ ਕਰ ਦਿੰਦੀ ਹੈ ਅਤੇ ਇਸਦੇ ਸਭ ਤੋਂ ਰੈਡੀਕਲ ਤੱਤਾਂ ਨੂੰ ਇਨਕਲਾਬੀ ਬਦਲਾਅ ਦਾ ਹਾਮੀ ਬਣਾ ਦਿੰਦੀ ਹੈ। ਪਰ ਇਹ ਇਨਕਲਾਬ ਇਹ ਮੱਧਵਰਗੀ ਇਨਕਲਾਬੀ ਆਪਣੇ ਬੂਤੇ ਹੀ ਪੂਰਾ ਕਰ ਲੈਣਾ ਚਾਹੁੰਦੇ ਹਨ। ਵਿਆਪਕ ਕਿਰਤੀ ਲੋਕਾਂ ’ਤੇ-ਪ੍ਰਤੱਖ ਪੈਦਾਵਾਰੀ ਜਮਾਤ ’ਤੇ-ਉਸਦੀ ਪਹਿਲਕਦਮੀ ਅਤੇ ਸਿਰਜਣਾਤਮਿਕਤਾ ’ਤੇ ਉਨ੍ਹਾਂ ਨੂੰ ਭਰੋਸਾ ਨਹੀਂ ਹੁੰਦਾ ਕਿਉਂਕਿ ਪੈਦਾਵਾਰੀ ਕਿਰਤ ਤੋਂ ਉਹ ਵਾਂਝੇ ਹੁੰਦੇ ਹਨ, ਲੁੱਟੀ ਹੋਈ ਜਮਾਤ ਹੋਣ ਦੇ ਬਾਵਜੂਦ ਬੁਰਜੂਆ ਕਿਰਤ-ਵੰਡ ਦੇ ਬਣੇ ਸਮਾਜ ਵਿੱਚ ਦਿਮਾਗੀ ਕਿਰਤ ਕਰਨ ਵਾਲੇ ਦਾ ਖਾਸ ਅਧਿਕਾਰ ਤੇ ਖਾਸ ਦਰਜਾ ਉਨ੍ਹਾਂ ਨੂੰ ਹਾਸਲ ਹੁੰਦਾ ਹੈ ਅਤੇ ਪ੍ਰਤੱਖ ਪੈਦਾਵਾਰੀ ਜਮਾਤਾਂ ਨੂੰ ਨੀਵੀਂ ਨਜ਼ਰ ਨਾਲ਼ ਵੇਖਣਾ ਜਾਂ ਅਵਿਸ਼ਵਾਸ ਕਰਨਾ ਉਨ੍ਹਾਂ ਦਾ ਜਮਾਤੀ ਸੰਸਕਾਰ ਹੁੰਦਾ ਹੈ। ਇਸ ਲਈ ਲੋਕਾਂ ਦੀ ਬਜਾਏ ਉਹ ਆਪਣੇ ਆਪ ਨੂੰ ਲੋਕਾਂ ਦੇ ਮੁਕਤੀਦਾਤਾ ਅਤੇ ਇੱਕੋ ਇੱਕ ਇਨਕਲਾਬੀ ਤਾਕਤ ਦੇ ਰੂਪ ਵਿੱਚ ਵੇਖਦੇ ਹਨ। ਪੈਦਾਵਾਰੀ ਪ੍ਰਕਿਰਿਆ ਨਾਲ਼ ਪ੍ਰਤੱਖ ਜੁੜੇ ਨਾ ਹੋਣ ਕਰਕੇ ਇਹ ਮੱਧਵਰਗੀ ਇਨਕਲਾਬੀ ਅਵਿਵਹਾਰਕ ਵੀ ਹੁੰਦੇ ਹਨ। ਠੋਸ ਹਾਲਤਾਂ ਅਤੇ ਰਾਜ ਸੱਤ੍ਹਾ ਦੀ ਭੌਤਿਕ-ਆਤਮਿਕ ਤਾਕਤ ਬਾਰੇ ਉਨ੍ਹਾਂ ਦਾ ਮੁਲੰਕਣ ਇੱਕਦਮ ਸ਼ੇਖ਼ਚਿੱਲੀਨੁਮਾ ਹੁੰਦਾ ਹੈ ਅਤੇ ਇਸੇ ਲਈ ਉਹ ਸਮਝਦੇ ਹਨ ਕਿ ਗੁਪਤ ਸਾਜਿਸ਼ਾਂ, ਤੋੜ-ਫੋੜ, ਇਧਰ-ਉਧਰ ਹਥਿਆਰਬੰਦ ਦਸਤਿਆਂ ਦੀਆਂ ਹਥਿਆਰਬੰਦ ਕਾਰਵਾਈਆਂ ਅਤੇ ਦਹਿਸ਼ਤ ਦੁਆਰਾ ਉਹ ਹਾਕਮ ਜਮਾਤਾਂ ਨੂੰ ਸੱਤ੍ਹਾ ਛੱਡਣ ਲਈ ਮਜਬੂਰ ਕਰ ਦੇਣਗੇ।** ਪ੍ਰਤੱਖ ਪੈਦਾਵਾਰ ਤੋਂ ਨਿੱਖੜੀ ਹੋਈ ਇਹ ਜਮਾਤ ਸੁਭਾਅ ਤੋਂ ਹੀ ਅਵਿਵਹਾਰਕ ਅਤੇ ਜਲਦਬਾਜ਼ ਹੁੰਦੀ ਹੈ ਅਤੇ ਤੁਰਤ-ਫੁਰਤ ਇਨਕਲਾਬ ਕਰ ਦੇਣ ਦਾ "ਮਾਸੂਮ-ਪਵਿੱਤਰ" ਭਰਮ ਇਨ੍ਹਾਂ ਦੀ ਫਿਤਰਤ ਹੁੰਦਾ ਹੈ। ਇਹੀ ਭਰਮ ਦਹਿਸ਼ਤਗਰਦੀ ਜਾਂ ਮਾਅਰਕੇਬਾਜ਼ੀ ਦੀ ਕਾਰਜਸੇਧ ਦੇ ਰੂਪ ਵਿੱਚ ਸਾਹਮਣੇ ਆਉਂਦਾ ਰਿਹਾ ਹੈ ; ਅੱਜ ਵੀ ਆ ਰਹਾ ਹੈ ਅਤੇ ਅੱਗੇ ਵੀ ਆਉਂਦਾ ਰਹੇਗਾ।

ਭਾਰਤ ਵਿੱਚ ਇਨਕਲਾਬੀ ਦਹਿਸ਼ਤਗਰਦੀ ਦੀ ਧਾਰਾ 20ਵੀਂ ਸਦੀ ਦੇ ਸ਼ੁਰੂ ਤੋਂ ਹੀ **ਯੁਗਾਂਤਰ-ਅਨੁਸ਼ੀਲਨ** ਆਦਿ ਗੁਪਤ ਇਨਕਲਾਬੀ ਜਥੇਬੰਦੀਆਂ ਦੇ ਰੂਪ ਵਿੱਚ ਮੌਜੂਦ ਸੀ। ਕਿਉਂਕਿ ਭਾਰਤੀ ਮੱਧਵਰਗ ਇੱਕ ਬਸਤੀਵਾਦੀ ਸਮਾਜਿਕ ਵਿਵਸਥਾ ਦੇ ਗਰਭ 'ਚੋਂ ਪੈਦਾ ਹੋਇਆ ਸੀ ਅਤੇ ਯੂਰਪ ਦੀ ਤਰਾਂ ਪੁਨਰਜਾਗਰਣ-ਪ੍ਰਬੋਧਨ ਤੋਂ ਪੈਦਾ ਹੋਏ ਮਾਨਵਵਾਦ, ਜਮਹੂਰੀਅਤ ਅਤੇ ਭੌਤਿਕਵਾਦੀ ਤਰਕਸ਼ੀਲਤਾ ਦੀ ਵਿਚਾਰਕ ਵਿਰਾਸਤ ਇਸਨੂੰ ਗੁੜ੍ਹਤੀ ਵਿੱਚ ਨਹੀਂ ਮਿਲੀ ਸੀ, ਇਸੇ ਲਈ ਭਾਰਤ ਦੇ ਦਹਿਸ਼ਤਗਰਦ ਇਨਕਲਾਬੀਆਂ ਦੀ ਪਹਿਲੀ ਪੀੜ੍ਹੀ ਕੋਲ ਇੱਕ ਜਮਹੂਰੀ ਗਣਰਾਜ ਸਥਾਪਿਤ ਕਰਨ ਦਾ ਸਪਸ਼ਟ ਟੀਚਾ ਵੀ ਨਹੀਂ ਸੀ। ਉਨ੍ਹਾਂ ਦੀ ਨਜ਼ਰ ਅਤੀਤ-ਮੁਖੀ ਅਤੇ ਮੁੜ-ਸੁਰਜੀਤੀਵਾਦੀ ਸੀ ਅਤੇ ਧਰਮ ਨਿਰਪੱਖ ਹੋਣ ਦੀ ਬਜਾਏ ਉਹ ਧਾਰਮਿਕ ਤੁਅੱਸਬ ਨਾਲ਼ ਗ੍ਰਸਤ ਸਨ। ਇਨ੍ਹਾਂ ਪਿਛਾਖੜੀ ਵਿਚਾਰਾਂ ਦੇ ਬਾਵਜੂਦ, ਬਸਤੀਵਾਦੀ ਗੁਲਾਮੀ ਦਾ ਵਿਰੋਧ ਕਰਨ ਅਤੇ ਆਪਣੀਆਂ ਕਾਰਵਾਈਆਂ ਨਾਲ਼ ਲੋਕਾਂ ਨੂੰ ਪ੍ਰੇਰਿਤ ਕਰਨ ਦੇ ਕਾਰਨ, ਆਪਣੇ ਸਮੇਂ ਵਿੱਚ ਉਨ੍ਹਾਂ ਦੀ ਭੂਮਿਕਾ ਇਤਿਹਾਸਕ ਰੂਪ ਤੋਂ ਅਗਾਂਹਵਧੂ ਸੀ। ਫਿਰ ਹੌਲ਼ੀ-ਹੌਲ਼ੀ ਭਾਰਤ ਦੀ ਇਨਕਲਾਬੀ ਲਹਿਰ ਵਿੱਚ ਇਨਕਲਾਬੀ ਜਮਹੂਰੀ ਵਿਚਾਰਾਂ ਦਾ ਪ੍ਰਵੇਸ਼ ਹੋਇਆ। **ਗਦਰ ਪਾਰਟੀ** ਅਤੇ **ਹਿੰਦੁਸਤਾਨ ਰਿਪਬਲਿਕਨ ਆਰਮੀ** ਦੇ ਇਨਕਲਾਬੀਆਂ ਨੇ ਅਮਰੀਕੀ ਤੇ ਫਰਾਂਸੀਸੀ ਬੁਰਜੂਆ ਜਮਹੂਰੀ ਇਨਕਲਾਬਾਂ ਦੇ ਆਦਰਸ਼ਾਂ ਤੋਂ ਖਾਸ ਪ੍ਰੇਰਨਾ ਲਈ ਅਤੇ 1917 ਦੇ ਰੂਸੀ ਸਮਾਜਵਾਦੀ ਇਨਕਲਾਬ ਤੋਂ ਬਾਅਦ ਸਮਾਜਵਾਦੀ ਵਿਚਾਰਾਂ ਦਾ ਵੀ ਉਨ੍ਹਾਂ 'ਤੇ ਪ੍ਰਭਾਵ ਪਿਆ। **ਹਿੰਦੁਸਤਾਨ ਸੋਸ਼ਲਿਸਟ ਰਿਪਬਲੀਕਨ ਐਸੋਸਿਏਸ਼ਨ** (**ਐਚ. ਐਸ. ਆਰ. ਏ.**) ਦਾ ਦੌਰ ਇੱਕ ਮਹੱਤਵਪੂਰਨ ਸੰਕਰਮਣ ਦਾ ਦੌਰ ਸੀ। ਐਚ. ਐਸ. ਆਰ. ਏ. ਦੇ ਨੌਜਵਾਨ ਇਨਕਲਾਬੀਆਂ ਨੇ **ਭਗਤ ਸਿੰਘ** ਦੀ ਅਗਵਾਈ ਵਿੱਚ, ਨਾ ਸਿਰਫ ਕੌਮੀ-ਮੁਕਤੀ ਦੇ ਨਾਲ਼ ਹੀ ਸਮਾਜਵਾਦ ਨੂੰ ਆਪਣਾ ਆਖ਼ਰੀ ਟੀਚਾ ਐਲਾਨਿਆ, ਸਗੋਂ ਦਹਿਸ਼ਤਗਰਦ ਹਥਿਆਰਬੰਦ ਕਾਰਵਾਈਆਂ ਦਾ ਰਾਹ ਛੱਡ ਕੇ ਵਿਆਪਕ ਕਿਸਾਨ-ਮਜ਼ਦੂਰ ਲੋਕਾਈ ਨੂੰ ਜਥੇਬੰਦ ਕਰਨ ਦੀ ਜਨਤਕ ਲੀਹ ਦੀ ਸੋਚ ਦੀ ਦਿਸ਼ਾ ਵਿੱਚ ਵੀ ਉਹ ਅੱਗੇ ਵਧੇ। ਪਰ **ਆਜ਼ਾਦ**, **ਭਗਤ ਸਿੰਘ**, **ਸੁਖਦੇਵ**, **ਰਾਜਗੁਰੂ**, **ਭਗਵਤੀਚਰਨ ਵੋਹਰਾ**, **ਯਤੀਂਦਰਨਾਥ ਦਾਸ** ਆਦਿ ਮੋਢੀ ਕਾਮਰੇਡਾਂ ਦੀ ਸ਼ਹਾਦਤ ਅਤੇ ਹੋਰ ਬਹੁਤਿਆਂ ਦੀ ਗ੍ਰਿਫਤਾਰੀ ਦੇ ਬਾਅਦ ਇਹ ਲਹਿਰ ਖਿੰਡ ਗਈ। 1930 ਦੇ ਦਹਾਕੇ ਵਿੱਚ ਐਚ. ਐਸ. ਆਰ. ਏ. ਦੇ ਇਨਕਲਾਬੀਆਂ ਦਾ ਵੱਡਾ ਹਿੱਸਾ ਭਾਰਤ ਦੀ ਕਮਿਊਨਿਸਟ ਲਹਿਰ ਵਿੱਚ ਸ਼ਾਮਲ ਹੋ ਗਿਆ।

ਫਾਂਸੀ ਚੜ੍ਹਨ ਤੋਂ ਪਹਿਲਾਂ, ਜੇਲ੍ਹ ਵਿੱਚ ਡੂੰਘਾ ਅਧਿਐਨ ਕਰਦੇ ਹੋਏ ਭਗਤ ਸਿੰਘ ਇਨਕਲਾਬੀ ਦਹਿਸ਼ਤਗਰਦ ਸੇਧ ਦੀ ਅਸਫਲਤਾ ਨੂੰ ਚੰਗੀ ਤਰਾਂ ਸਮਝ ਚੁੱਕੇ ਸੀ ਅਤੇ ਮਾਰਕਸਵਾਦ ਨੂੰ ਪ੍ਰਵਾਨ ਕਰਕੇ ਇਨਕਲਾਬੀ ਜਨਤਕ ਲੀਹ ਦੇ ਜ਼ੋਰਦਾਰ ਹਾਮੀ ਬਣ ਚੁੱਕੇ ਸਨ। ਜੇਲ੍ਹ ਵਿੱਚ ਲਿਖੇ ਗਏ ਆਪਣੇ ਕਈ ਲੇਖਾਂ ਅਤੇ ਵਿਦਿਆਰਥੀਆਂ-ਨੌਜਵਾਨਾਂ ਦੇ ਨਾਂ ਭੇਜੇ ਗਏ ਸੁਨੇਹਿਆਂ ਵਿੱਚ ਉਨ੍ਹਾਂ ਨੇ ਬਾਰ-ਬਾਰ ਇਹ ਲਿਖਿਆ ਸੀ ਕਿ ਨੌਜਵਾਨ ਇਨਕਲਾਬੀਆਂ ਨੂੰ ਨਵੇਂ ਸਿਰੇ ਤੋਂ ਮਜ਼ਦੂਰ ਇਨਕਲਾਬ ਦੇ ਟੀਚੇ ਨੂੰ ਸਮਰਪਿਤ ਇੱਕ ਹਰਾਵਲ ਇਨਕਲਾਬੀ ਪਾਰਟੀ ਬਣਾਉਣੀ ਹੋਵੇਗੀ ਅਤੇ ਗੁਪਤ ਸਾਜਿਸ਼ਾਂ

ਅਤੇ ਹਥਿਆਰਬੰਦ ਕਾਰਵਾਈਆਂ ਦੀ ਬਜਾਏ ਉਨ੍ਹਾਂ ਨੂੰ ਵਿਆਪਕ ਮਜ਼ਦੂਰਾਂ–ਕਿਸਾਨਾਂ ਨੂੰ ਜਗਾਉਣਾ ਅਤੇ ਜਥੇਬੰਦ ਕਰਨਾ ਹੋਵੇਗਾ। ਭਗਤ ਸਿੰਘ ਨੇ ਆਪਣੇ ਆਖ਼ਰੀ ਮਹੱਤਵਪੂਰਨ ਦਸਤਾਵੇਜ਼ ਵਿੱਚ ਇਨਕਲਾਬੀ ਪ੍ਰੋਗਰਾਮ ਦਾ ਨਵਾਂ ਖਰੜਾ ਪੇਸ਼ ਕਰਦੇ ਹੋਏ ਦਹਿਸ਼ਤਗਰਦੀ ਦੀ ਜੋ ਅਲੋਚਨਾ ਪੇਸ਼ ਕੀਤੀ ਸੀ ਉਹ ਅੱਜ ਵੀ ਪ੍ਰਸੰਗਕ ਹੈ। ਇਸ ਦਸਤਾਵੇਜ਼ ਵਿੱਚ ਭਗਤ ਸਿੰਘ ਨੇ ਹਥਿਆਰਬੰਦ ਇਨਕਲਾਬ ਦੀ ਜ਼ਰੂਰਤ ਨੂੰ ਸਵੀਕਾਰ ਕਰਦੇ ਹੋਏ ਵੀ ਜਨਤਕ ਲੀਹ ਲਾਗੂ ਕਰਦੇ ਹੋਏ ਮਜ਼ਦੂਰਾਂ–ਕਿਸਾਨਾਂ ਨੂੰ ਜਥੇਬੰਦ ਕਰਨ ’ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਨੇ ਸਾਫ ਲਿਖਿਆ ਹੈ ਕਿ *“ਇਨਕਲਾਬੀ ਜੀਵਨ ਦੇ ਸ਼ੁਰੂ ਦੇ ਕੁੱਝ ਦਿਨਾਂ ਦੀ ਬਜਾਏ, ਨਾ ਤਾਂ ਮੈਂ ਦਹਿਸ਼ਤਗਰਦ ਹਾਂ ਅਤੇ ਨਾ ਹੀ ਸੀ ; ਅਤੇ ਮੈਨੂੰ ਪੂਰਾ ਯਕੀਨ ਹੈ ਕਿ ਇਸ ਤਰਾਂ ਦੇ ਤਰੀਕਿਆਂ ਤੋਂ ਅਸੀਂ ਕੁੱਝ ਵੀ ਹਾਸਲ ਨਹੀਂ ਕਰ ਸਕਦੇ ।”* ਅੱਗੇ ਉਹ ਲਿਖਦੇ ਹਨ : *“ਬੰਬ ਦਾ ਰਸਤਾ 1905 ਤੋਂ ਚਲਿਆ ਆ ਰਿਹਾ ਹੈ ਅਤੇ ਇਨਕਲਾਬੀ ਭਾਰਤ ’ਤੇ ਇਹ ਇੱਕ ਦਰਦਨਾਕ ਟਿੱਪਣੀ ਹੈ।......ਦਹਿਸ਼ਤਗਰਦੀ ਸਾਡੇ ਸਮਾਜ ਵਿੱਚ ਇਨਕਲਾਬੀ ਚਿੰਤਨ ਦੀ ਪਕੜ ਦੀ ਕਮੀ ਦਾ ਸਿੱਟਾ ਹੈ ; ਜਾਂ ਇੱਕ ਪਛਤਾਵਾ। ਇਸੇ ਤਰ੍ਹਾਂ ਇਹ ਆਪਣੀ ਅਸਫ਼ਲਤਾ ਨੂੰ ਪ੍ਰਵਾਨ ਕਰਨਾ ਵੀ ਹੈ।.....ਸਾਰੇ ਦੇਸ਼ਾਂ ਵਿੱਚ ਇਸਦਾ ਇਤਿਹਾਸ ਅਸਫ਼ਲਤਾ ਦਾ ਇਤਿਹਾਸ ਹੈ – ਫਰਾਂਸ, ਰੂਸ, ਜਰਮਨੀ ਵਿੱਚ, ਬਲਕਾਨ ਦੇਸ਼ਾਂ ਵਿੱਚ, ਸਪੇਨ ਵਿੱਚ – ਹਰ ਜਗ੍ਹਾ ਇਸਦੀ ਇਹੀ ਕਹਾਣੀ ਹੈ। ਇਸਦੀ ਹਾਰ ਦੇ ਬੀਜ ਇਸਦੇ ਵਿੱਚ ਹੀ ਹੁੰਦੇ ਹਨ।”*

## ਮਜ਼ਦੂਰ ਇਨਕਲਾਬ ਦੀ ਧਾਰਾ ਵਿੱਚ ਦਹਿਸ਼ਤਗਰਦੀ-‘‘ਖੱਬੇਪੱਖੀ’’ ਮਾਅਰਕੇਬਾਜੀ। ਭਟਕਾਵਾਂ ਦੇ ਦੋ ਸਿਰੇ-ਸੱਜੀ ਮੌਕਾਪ੍ਰਸਤੀ ਅਤੇ ‘‘ਖੱਬੇਪੱਖੀ’’ ਮਾਅਰਕੇਬਾਜੀ।ਸੰਸਾਰ ਕਮਿਊਨਿਸਟ ਲਹਿਰ ਅਤੇ ਭਾਰਤੀ ਕਮਿਊਨਿਸਟ ਲਹਿਰ ਦੇ ਕੁੱਝ ਤਜ਼ਰਬੇ। ਨਕਸਲਬਾੜੀ ਖੱਬੇ ਪੱਖੀ ਧਾਰਾ ਵਿੱਚ ‘‘ਖੱਬੇਪੱਖੀ’’ ਮਾਅਰਕੇਬਾਜੀ ਅਤੇ ਸੱਜੇਪੱਖੀ ਭਟਕਾਅ।

ਉਪਰ ਇਸ ਗੱਲ ਦੀ ਚਰਚਾ ਕੀਤੀ ਜਾ ਚੁੱਕੀ ਹੈ ਕਿ ਅਸੀਂ ਸਾਮਰਾਜਵਾਦ ਅਤੇ ਮਜ਼ਦੂਰ ਇਨਕਲਾਬਾਂ ਦੇ ਇਤਿਹਾਸਕ ਯੁੱਗ ਵਿੱਚ ਜੀ ਰਹੇ ਹਾਂ ਅਤੇ ਮਜ਼ਦੂਰ ਇਨਕਲਾਬ ਦਾ ਵਿਗਿਆਨ ਇਨਕਲਾਬੀ ਜਨਤਕ ਲੀਹ ਦਾ ਪੱਖ ਲੈਂਦਾ ਹੈ। ਉਹ ਥੋੜ੍ਹੇ ਜਿਹੇ ਲੋਕਾਂ ਦੀ ਕੁਰਬਾਨੀ ਦੀ ਭਾਵਨਾ, ਬਹਾਦਰੀ ਅਤੇ ਸਾਜਿਸ਼ ਤੇ ਦਹਿਸ਼ਤਗਰਦ ਕਾਰਵਾਈਆਂ ਦੇ ਸਹਾਰੇ ਨਹੀਂ, ਸਗੋਂ ਵਿਆਪਕ ਲੋਕਾਂ ਨੂੰ ਜਗਾਉਣ ਅਤੇ ਜਥੇਬੰਦ ਕਰਕੇ ਬੁਰਜੂਆ ਰਾਜ ਸੱਤ੍ਹਾ ਨੂੰ ਉਖਾੜ ਸੁੱਟਣ ਦੀ ਗੱਲ ਕਰਦਾ ਹੈ। ਪਰ **ਮਜ਼ਦੂਰ ਇਨਕਲਾਬ ਦੀ ਧਾਰਾ ਵਿੱਚ ਵੀ ਮੱਧਵਰਗੀ ਇਨਕਲਾਬਵਾਦ ਦੀ ਪ੍ਰਵਿਰਤੀ ਹਮੇਸ਼ਾਂ ਤੋਂ ਮੌਜੂਦ ਰਹੀ ਹੈ। ਮੱਧਵਰਗੀ ਇਨਕਲਾਬਵਾਦ ਦਾ ਇਹ ਭਟਕਾਅ ਕਹਿਣੀ ਵਿੱਚ ਵਿਗਿਆਨਕ ਸਮਾਜਵਾਦ ਜਾਂ ਮਾਰਕਸਵਾਦ ਦੀ ਦੁਹਾਈ ਦਿੰਦੇ ਹੋਏ ਵੀ ਵਿਆਪਕ ਲੋਕਾਂ ਨੂੰ ਜਥੇਬੰਦ ਕਰਨ ਦੀ ਬਜਾਏ, ਠੋਸ ਹਾਲਾਤਾਂ ਦਾ ਖ਼ਿਆਲ ਕੀਤੇ ਬਿਨਾਂ ਹੀ, ਤੁਰਤ-ਫੁਰਤ ਇਨਕਲਾਬ ਨੂੰ ਨੇਪਰੇ ਚਾੜ੍ਹਨ ਲਈ ਹਥਿਆਰਬੰਦ ਦਸਤਿਆਂ ਦੀਆਂ ਹਥਿਆਰਬੰਦ ਕਾਰਵਾਈਆਂ ਨੂੰ,**

**ਸਾਜਿਸ਼ ਅਤੇ ਦਹਿਸ਼ਤ ਦੀ ਯੁੱਧਨੀਤੀ ਨੂੰ ਹੀ ਅਮਲ ਵਿੱਚ ਲਿਆਉਂਦਾ ਹੈ। ਇਹ ਪੁਰਾਣੀ ਦਹਿਸ਼ਗਰਦੀ ਜਾਂ ਮਾਅਰਕੇਬਾਜੀ ਦਾ ਹੀ ਇੱਕ ਨਵਾਂ ਰੂਪ ਹੈ ਅਤੇ ਕਿਉਂਕਿ ਇਹ ਕਮਿਊਨਿਸਟ ਹੋਣ ਦਾ ਦਾਅਵਾ ਕਰਦਾ ਹੈ, ਇਸ ਲਈ ਇਸਨੂੰ ''ਖੱਬੇਪੱਖੀ'' ਮਾਅਰਕੇਬਾਜੀ ਅਤੇ ਅੱਤ-ਖੱਬੇ ਪੱਖ ਦਾ ਨਾਂ ਦਿੱਤਾ ਜਾਂਦਾ ਹੈ।** ਉਪਰ ਅਸੀਂ ਖੱਬੇਪੱਖੀ ਲਹਿਰ ਵਿੱਚ ਸੱਜੇਪੱਖੀ ਮੌਕਾਪ੍ਰਸਤ ਭਟਕਾਵਾਂ ਦੀ ਗੱਲ ਕੀਤੀ ਹੈ। ''ਖੱਬੇਪੱਖੀ'' ਮਾਅਰਕੇਬਾਜੀ ਦੂਜੇ ਸਿਰੇ ਦਾ ਭਟਕਾਅ ਹੈ ; ਇਸੇ ਲਈ **ਇਸਨੂੰ ''ਖੱਬੇਪੱਖੀ'' ਮੌਕਾਪ੍ਰਸਤੀ ਵੀ ਕਿਹਾ ਜਾਂਦਾ ਹੈ। ''ਖੱਬੇਪੱਖੀ'' ਮੌਕਾਪ੍ਰਸਤੀ ਸੰਘਰਸ਼ ਦੇ ਹੇਠਲੇ ਰੂਪਾਂ ਵੱਲ ਧਿਆਨ ਨਾ ਦੇ ਕੇ ਮਨਮਰਜ਼ੀ ਨਾਲ਼ ਸਿੱਧੇ ਸੰਘਰਸ਼ ਦੇ ਸਭ ਤੋਂ ਉਚੇ ਅਤੇ ਫੈਸਲਾਕੁੰਨ ਰੂਪ - ਹਥਿਆਰਬੰਦ ਸੰਘਰਸ਼ ਨੂੰ ਅਪਨਾਉਣ ਵਿੱਚ ਯਕੀਨ ਰੱਖਦੀ ਹੈ ਅਤੇ ਵਿਆਪਕ ਲੋਕਾਂ ਦੀ ਪਹਿਲ ਕਦਮੀ, ਸ਼ਮੂਲੀਅਤ ਅਤੇ ਸਹਿਮਤੀ ਦੀ ਕਮੀ ਵਿੱਚ ਹਥਿਆਰਬੰਦ ਦਸਤਿਆਂ ਦੀਆਂ ਕਾਰਵਾਈਆਂ ਦੇ ਰੂਪ ਵਿੱਚ ਇਸਨੂੰ ਅੰਜਾਮ ਦਿੰਦੀ ਹੈ।** ''ਖੱਬੇਪੱਖੀ'' ਮਾਅਰਕੇਬਾਜੀ ਆਮਤੌਰ 'ਤੇ ਆਰਥਿਕ ਸੰਘਰਸ਼ ਨੂੰ ਹੀ ਅਰਥਵਾਦ ਅਤੇ ਟਰੇਡ ਯੂਨੀਅਨ ਕਾਰਵਾਈਆਂ ਨੂੰ ਹੀ ਟਰੇਡ-ਯੂਨੀਅਨਵਾਦ ਦੱਸਕੇ ਖਾਰਿਜ ਕਰ ਦਿੰਦੀ ਹੈ। ਆਮ ਲੋਕਾਂ ਨੂੰ ਜੱਥੇਬੰਦ ਕਰਨ ਦੇ ਲਈ ਕੀਤੀਆਂ ਜਾਣ ਵਾਲੀਆਂ ਸਾਰੀਆਂ ਕਾਰਵਾਈਆਂ ਅਤੇ ਸੰਘਰਸ਼ ਦੇ ਹੇਠਲੇ ਰੂਪਾਂ ਨੂੰ ਉਹ ਸੋਧਵਾਦ ਅਤੇ ਸੱਜੇਪੱਖੀ ਦਾ ਲੇਬਲ ਚਿਪਕਾ ਕੇ ਖਾਰਿਜ ਕਰ ਦਿੰਦੀ ਹੈ। ਮਾਰਕਸਵਾਦ ਸੰਸਦ ਦੇ ਰਸਤੇ ਰਾਹੀਂ ਮਜ਼ਦੂਰ ਜਮਾਤ ਦੀ ਸੱਤ੍ਹਾ ਦੀ ਸਥਾਪਨਾ ਦੇ ਸੱਜੇਪੱਖੀ ਵਿਚਾਰ ਨੂੰ ਤਾਂ ਸਿਰੇ ਤੋਂ ਖਾਰਿਜ ਕਰ ਦਿੰਦਾ ਹੈ, ਪਰ ਇਨਕਲਾਬੀ ਵਿਚਾਰਾਂ ਦੇ ਪ੍ਰਚਾਰ ਅਤੇ ਪੂੰਜੀਵਾਦੀ ਵਿਵਸਥਾ ਦੇ ਪਰਦਾ-ਫਾਸ਼ ਲਈ ਕਿਸੇ ਬੁਰਜੂਆ ਜਮਹੂਰੀ ਦੇਸ਼ ਵਿੱਚ ਹਾਲਾਤ ਹੋਣ 'ਤੇ, ਦਾਅ-ਪੇਚ ਦੇ ਰੂਪ ਵਿੱਚ ਬੁਰਜੂਆ ਸੰਸਦੀ ਚੋਣਾਂ ਅਤੇ ਸੰਸਦ ਦੇ ਮੰਚ ਦੇ ਇਸਤੇਮਾਲ ਨੂੰ ਸਹੀ ਦੱਸਦਾ ਹੈ। ਪਰ ''ਖੱਬੇਪੱਖੀ'' ਮਾਅਰਕੇਬਾਜੀ ਇਸਨੂੰ ਯੁੱਧ-ਨੀਤੀ ਦਾ ਸਵਾਲ ਦੱਸਦੀ ਹੈ ਤੇ ਕਿਸੇ ਵੀ ਹਾਲ ਵਿੱਚ ਸੰਸਦੀ ਚੋਣਾਂ ਵਿੱਚ ਹਿੱਸੇਦਾਰੀ ਨੂੰ ਹੀ ਸੰਸਦਵਾਦ ਜਾਂ ਸੱਜੇਪੱਖੀ ਮੌਕਾਪ੍ਰਸਤੀ ਐਲਾਨਦੇ ਹੋਏ ਇਸ ਸਵਾਲ 'ਤੇ ਪੂਰੀ ਤਰਾਂ ਬਾਈਕਾਟਵਾਦੀ ਰੁੱਖ ਅਪਣਾਉਂਦੀ ਹੈ। ਨਿਚੋੜ ਦੇ ਤੌਰ 'ਤੇ, **''ਖੱਬੇਪੱਖੀ'' ਮਾਅਰਕੇਬਾਜੀ ਰਾਜਨੀਤੀ ਦਹਿਸ਼ਤਗਰਦ ਰਾਜਨੀਤੀ ਹੈ। ਇਹ ਮਜ਼ਦੂਰ ਜਮਾਤੀ ਰਾਜਨੀਤੀ ਦੇ ਮਖੌਟੇ ਵਾਲੀ ਮੱਧਵਰਗੀ ਇਨਕਲਾਬਵਾਦ ਦੀ ਰਾਜਨੀਤੀ ਹੈ।** ਮਾਓ-ਜ਼ੇ-ਤੁੰਗ ਨੇ ''ਖੱਬੇਪੱਖੀ'' ਮਾਅਰਕੇਬਾਜੀ ਅਤੇ ਸੱਜੇਪੱਖੀ ਮੌਕਾਪ੍ਰਸਤੀ ਦੇ ਚਰਿਤਰ ਦੀਆਂ ਕੁੱਝ ਵਿਸ਼ੇਸ਼ਤਾਈਆਂ ਨੂੰ ਇਨ੍ਹਾਂ ਸ਼ਬਦਾਂ ਵਿੱਚ ਸਾਫ਼ ਪੇਸ਼ ਕੀਤਾ ਹੈ : *''ਜੇਕਰ ਅਸੀਂ ਲੋਕਾਂ ਦੇ ਜਾਗਣ ਤੋਂ ਪਹਿਲਾਂ ਹੀ ਪਹਿਲਕਦਮੀ ਕਰਾਂਗੇ, ਤਾਂ ਇਹ ਮਾਅਰਕੇਬਾਜੀ ਹੋਵੇਗੀ। ਜੇਕਰ ਅਸੀਂ ਲੋਕਾਂ ਦੀ ਮਰਜ਼ੀ ਦੇ ਉਲਟ ਕੋਈ ਕੰਮ ਕਰਨ ਲਈ ਉਸਦੀ ਅਗਵਾਈ ਕਰਨ ਦੀ ਜ਼ਿੱਦ ਕੀਤੀ, ਤਾਂ ਅਸੀਂ ਨਿਸ਼ਚੇ ਹੀ ਹਾਰ ਜਾਵਾਂਗੇ। ਜੇ ਅਸੀਂ ਲੋਕਾਂ ਦੁਆਰਾ ਅੱਗੇ ਵਧਣ ਦੀ ਮੰਗ 'ਤੇ ਵੀ ਅੱਗੇ ਨਹੀਂ ਵਧਾਂਗੇ ਤਾਂ ਇਹ ਸੱਜੀ ਮੌਕਾਪ੍ਰਸਤੀ ਹੋਵੇਗੀ''।*

ਪੂਰੀ ਦੁਨੀਆਂ ਦੇ ਲਗਭਗ ਸਾਰੇ ਮਜ਼ਦੂਰ ਇਨਕਲਾਬਾਂ ਵਿੱਚ ਸਮੇਂ-ਸਮੇਂ 'ਤੇ ਸੱਜੇਪੱਖੀ ਮੌਕਾਪ੍ਰਸਤੀ ਅਤੇ ''ਖੱਬੇਪੱਖੀ'' ਮਾਅਰਕੇਬਾਜੀ ਦੀਆਂ ਪ੍ਰਵਿਰਤੀਆਂ ਵਾਰੀ-

ਵਾਰੀ ਸਿਰ ਚੁੱਕਦੀਆਂ ਰਹੀਆਂ ਹਨ ਅਤੇ ਇਨ੍ਹਾਂ ਨੂੰ ਖੂੰਜੇ ਲਾ ਕੇ ਹੀ ਮਜ਼ਦੂਰ ਇਨਕਲਾਬ ਅੱਗੇ ਵਧ ਸਕਣ ਵਿੱਚ ਸਫਲ ਹੁੰਦੇ ਰਹੇ ਹਨ। **ਇਹ ਦੋਵੇਂ ਹੀ ਮੱਧਵਰਗੀ ਪ੍ਰਵਿਰਤੀਆਂ ਹਨ। ਇੱਕ ਮੱਧਵਰਗ ਦੀ ਸੁਧਾਰਵਾਦੀ ਪ੍ਰਵਿਰਤੀ ਹੈ, ਜੋ ਖੱਬੇਪੱਖੀ ਇਨਕਲਾਬੀ ਲਹਿਰ ਨੂੰ ਗੰਧਲਾ ਕਰਕੇ ਬੁਰਜੂਆ ਜਮਾਤ ਦੀ ਸੇਵਾ ਵਿੱਚ ਲਾ ਦੇਣਾ ਚਾਹੁੰਦੀ ਹੈ। ਦੂਜੀ ਮੱਧਵਰਗੀ ਇਨਕਲਾਬੀ ਪ੍ਰਵਿਰਤੀ ਹੈ, ਜੋ ਖੱਬੇਪੱਖੀ ਇਨਕਲਾਬੀ ਲਹਿਰ ਨੂੰ ਟੀਚਾ ਰਹਿਤ ਅਤੇ ਅਸਫਲ ਬਣਾ ਕੇ ਲੋਕਾਂ ਵਿੱਚ ਨਿਰਾਸ਼ਾ ਦਾ ਮਾਹੌਲ ਬਣਾਉਂਦੀ ਹੈ ਅਤੇ ਇਸ ਤਰਾਂ, ਸਾਰੀਆਂ ਇਨਕਲਾਬੀ ਸ਼ੁਭ-ਇਛਾਵਾਂ ਅਤੇ ਕੁਰਬਾਨੀਆਂ ਦੇ ਬਾਵਜੂਦ, ਬਾਹਰਮੁਖੀ ਤੌਰ ’ਤੇ ਹਾਕਮ ਜਮਾਤਾਂ ਦੀ ਟੀਚਾ-ਪੂਰਤੀ ਵਿੱਚ ਹੀ ਮਦਦਗਾਰ ਬਣਦੀ ਹੈ।** ਕਿਸੇ ਵੀ ਪੂੰਜੀਵਾਦੀ ਸਮਾਜ ਵਿੱਚ ਸੁਧਾਰ ਅਤੇ ਤਬਦੀਲੀ ਦੀ ਇੱਛਾ ਰੱਖਣ ਵਾਲੀਆਂ ਮੱਧਵਰਗੀ ਜਮਾਤਾਂ ਦੀ ਮੌਜੂਦਗੀ ਅਤੇ ਮਜ਼ਦੂਰ ਇਨਕਲਾਬਾਂ ਦੀ ਇੱਕ ਡਾਵਾਂਡੋਲ ਸਹਾਇਕ ਜਮਾਤ ਦੇ ਰੂਪ ਵਿੱਚ ਮੱਧਵਰਗ ਦੀ ਮੌਜੂਦਗੀ ਦੇ ਕਾਰਨ, ਸੁਭਾਵਿਕ ਤੌਰ ’ਤੇ ਮਜ਼ਦੂਰ ਇਨਕਲਾਬ ਦੀਆਂ ਹਰਾਵਲ ਤਾਕਤਾਂ ਦੀ ਰਾਜਨੀਤੀ ਅਤੇ ਵਿਚਾਰਧਾਰਾ ਵਿੱਚ ਵੀ ਮੱਧਰਵਗ ਦੀ ਰਾਜਨੀਤੀ ਅਤੇ ਵਿਚਾਰਧਾਰਾ ਦੀ ਘੁਸਪੈਠ ਹੁੰਦੀ ਹੈ ਅਤੇ ਇਨ੍ਹਾਂ ਵਿਰੁੱਧ ਲਗਾਤਾਰ ਸੰਘਰਸ਼ ਦੀ ਪ੍ਰਕਿਰਿਆ ਮਜ਼ਦੂਰ ਇਨਕਲਾਬ ਦੀ ਸਫਲਤਾ ਦੀ ਇੱਕ ਬੁਨਿਆਦੀ ਗਰੰਟੀ ਹੁੰਦੀ ਹੈ।

ਅਜਿਹਾ ਵੀ ਆਮ ਤੌਰ ’ਤੇ ਦੇਖਣ ਵਿੱਚ ਆਉਂਦਾ ਰਿਹਾ ਹੈ ਕਿ “ਖੱਬੇਪੱਖੀ” ਮਾਅਰਕੇਬਾਜੀ ਦੀ ਨਿਮਨ–ਪੂੰਜੀਵਾਦੀ ਲਾਈਨ ਹਾਰ ਜਾਣ ਅਤੇ ਪਿਟ ਜਾਣ ਤੋਂ ਬਾਅਦ ਆਪਣੇ ਆਪ ਨੂੰ ਬਦਲ ਕੇ ਸੱਜੇ–ਪੱਖੀ “ਮੌਕਾਪ੍ਰਸਤੀ” ਦੀ ਨਿਮਨ ਪੂੰਜੀਵਾਦੀ ਲਾਈਨ ਬਣ ਜਾਂਦੀ ਹੈ ਅਤੇ ਇਹ ਵੀ ਹੁੰਦਾ ਹੈ ਕਿ ਕਦੀ–ਕਦੀ “ਖੱਬੇਪੱਖੀ” ਮਾਅਰਕੇਬਾਜੀ ਆਪਣੇ ਅਸਲੀ ਚਰਿੱਤਰ ’ਤੇ ਪਰਦਾ ਪਾਉਣ ਲਈ ਰਸਮੀ ਤੌਰ ’ਤੇ ਕੁਝ ਜਨਤਕ ਕਾਰਵਾਈਆਂ ਕਰਦੀ ਹੈ ਅਤੇ ਤਦ “ਖੱਬੇਪੱਖੀ” ਅਤੇ ਸੱਜੇਪੱਖੀ ਮੌਕਾਪ੍ਰਸਤੀ ਦੀ ਅਜੀਬੋ–ਗਰੀਬ ਖਿਚੜੀ ਦਾ ਇੱਕ ਅਦਭੁਤ ਨਮੂਨਾ ਵੇਖਣ ਨੂੰ ਮਿਲਦਾ ਹੈ। ਕਿਉਂਕਿ ਇਨ੍ਹਾਂ ਦੋਹਾਂ ਪ੍ਰਵਿਰਤੀਆਂ ਦਾ ਬੁਨਿਆਦੀ ਜਮਾਤੀ–ਚਰਿੱਤਰ ਇੱਕੋ ਹੀ ਹੁੰਦਾ ਹੈ ਇਸ ਲਈ ਅਜਿਹੇ ਅਜੀਬੋ–ਗਰੀਬ ਸਮਾਗਮ ਵਿੱਚ ਅਸਲ ਵਿੱਚ ਕੁੱਝ ਵੀ ਅਜੀਬ ਜਾਂ ਹੈਰਾਨੀਜਨਕ ਨਹੀਂ ਹੁੰਦਾ। ਅਕਸਰ ਇਹ ਵੀ ਹੁੰਦਾ ਹੈ ਕਿ “ਖੱਬੇਪੱਖੀ” ਮਾਅਰਕੇਬਾਜੀ ਦੀ ਕੋਈ ਇੱਕ ਧਾਰਾ ਖਿੰਡ ਜਾਂਦੀ ਹੈ ਜਾਂ ਸੱਜੇਪੱਖ ਦੀ ਦਿਸ਼ਾ ਵਿੱਚ ਚਲੀ ਜਾਂਦੀ ਹੈ ਅਤੇ ਫਿਰ ਉਸਦੀ ਥਾਂ “ਖੱਬੇਪੱਖੀ” ਮਾਅਰਕੇਬਾਜੀ ਦੀ ਕੋਈ ਦੂਜੀ ਧਾਰਾ ਲੈ ਲੈਂਦੀ ਹੈ।

ਰੂਸੀ ਇਨਕਲਾਬ ਅਤੇ ਚੀਨੀ ਇਨਕਲਾਬ ਦੀ ਪੂਰੀ ਵਿਕਾਸ ਪ੍ਰਕਿਰਿਆ ਵਿੱਚ “ਖੱਬੇਪੱਖੀ” ਅਤੇ ਸੱਜੇਪੱਖੀ ਭਟਕਾਅ ਲਗਾਤਾਰ, ਇੱਕ ਤੋਂ ਬਾਅਦ ਇੱਕ ਸਿਰ ਚੁੱਕਦੇ ਰਹੇ ਅਤੇ ਇਨ੍ਹਾਂ ਨੂੰ ਹਰਾ ਕੇ ਹੀ ਇਨਕਲਾਬ ਅੱਗੇ ਵਧਣ ਵਿੱਚ ਸਫ਼ਲ ਹੋ ਸਕੇ। ਅੰਤਰਰਾਸ਼ਟਰੀ ਕਮਿਊਨਿਸਟ ਲਹਿਰ ਵਿੱਚ ਵੀ ਸਹੀ ਧਾਰਾ ਇਨ੍ਹਾਂ ਪ੍ਰਵਿਰਤੀਆਂ ਵਿਰੁੱਧ ਲਗਾਤਾਰ ਸੰਘਰਸ਼ ਕਰਦੀ ਰਹੀ। ਦੂਜੀ ਇੰਟਰਨੈਸ਼ਨਲ ਵਿੱਚ ਹਾਵੀ ਸੱਜੇ ਪੱਖੀ ਮੌਕਾਪ੍ਰਸਤਾਂ ਖਿਲਾਫ **ਲੈਨਿਨ** ਨੇ ਬਿਨਾਂ ਕਿਸੇ ਸਮਝੌਤੇ ਦੇ ਸੰਘਰਸ਼ ਚਲਾਇਆ ਅਤੇ ਅਕਤੂਬਰ

ਇਨਕਲਾਬ ਤੋਂ ਬਾਅਦ ਯੂਰਪ ਦੇ ਕੁੱਝ ਦੇਸ਼ਾਂ ਵਿੱਚ ਜਦੋਂ "ਖੱਬੇਪੱਖੀ" ਮਾਅਰਕੇਬਾਜੀ ਦੇ ਭਟਕਾਅ ਨੇ ਸਿਰ ਚੁੱਕਿਆ ਤਾਂ ਉਸਦੇ ਵਿਰੁੱਧ ਸੰਘਰਸ਼ ਵਿੱਚ ਵੀ ਉਨ੍ਹਾਂ ਨੇ ਕੋਈ ਰਿਆਇਤ ਨਹੀਂ ਵਰਤੀ। ਮਾਓ-ਜ਼ੇ-ਤੁੰਗ ਦੀ ਅਗਵਾਈ ਵਿੱਚ ਚੀਨ ਦੀ ਕਮਿਊਨਿਸਟ ਪਾਰਟੀ ਦਾ ਅਮਲ ਵੀ ਅਜਿਹਾ ਹੀ ਰਿਹਾ।

ਭਾਰਤ ਦੀ ਕਮਿਊਨਿਸਟ ਲਹਿਰ ਦਾ ਇਤਿਹਾਸ ਇਸਤੋਂ ਕੁੱਝ ਵੱਖਰਾ ਰਿਹਾ ਹੈ। ਸ਼ੁਰੂ ਤੋਂ ਹੀ ਇੱਥੋਂ ਦੀ ਕਮਿਊਨਿਸਟ ਪਾਰਟੀ ਦਾ ਵਿਚਾਰਧਾਰਕ ਅਧਾਰ ਕਮਜ਼ੋਰ ਰਿਹਾ ਅਤੇ ਇਹ ਸੱਜੇਪੱਖੀ ਅਤੇ ਮਾਅਰਕੇਬਾਜ ਭਟਕਾਵਾਂ ਵਿੱਚ ਡੋਲਦੀ ਰਹੀ। **ਪੀ. ਸੀ. ਜੋਸ਼ੀ** ਦੇ ਜਨਰਲ ਸਕੱਤਰ ਹੋਣ ਦੌਰਾਨ ਪਾਰਟੀ ਸੱਜੇਪੱਖੀ ਭਟਕਾਵਾਂ ਦਾ ਸ਼ਿਕਾਰ ਰਹੀ ਅਤੇ ਢੁੱਕਵੇਂ ਇਨਕਲਾਬੀ ਹਾਲਾਤਾਂ ਵਿੱਚ ਪਹਿਲਕਦਮੀ ਅਤੇ ਸਹੀ ਫੈਸਲੇ ਲੈਣ ਤੋਂ ਖੁੰਝਦੀ ਰਹੀ। ਰਾਜਨੀਤਿਕ ਅਜ਼ਾਦੀ ਦੇ ਬਾਅਦ ਦੇ ਸਾਲਾਂ ਵਿੱਚ, **ਬੀ. ਟੀ. ਰਣਦੀਵੇ** ਦੇ ਜਨਰਲ ਸਕੱਤਰ ਹੋਣ ਦੌਰਾਨ ਪਾਰਟੀ ਨੇ ਕੁੱਝ ਸਮੇਂ ਲਈ ਮਾਅਰਕੇਬਾਜੀ ਦੀ ਲਾਈਨ ਫੜੀ, ਜਿਸਦੀ ਹਾਰ ਦੇ ਬਾਅਦ ਕਮਿਊਨਿਸਟ ਲਹਿਰ ਨੂੰ ਡੂੰਘਾ ਧੱਕਾ ਲੱਗਿਆ। **ਤੇਲੰਗਾਨਾ ਕਿਸਾਨ ਸੰਘਰਸ਼** ਦੀ ਹਾਰ ਦੇ ਬਾਅਦ ਪੂਰੀ ਪਾਰਟੀ ਹੀ ਸੋਧਵਾਦੀ ਅਤੇ ਸੰਸਦਮਾਰਗੀ ਹੋ ਗਈ। ਵਿਚਾਰਧਾਰਾ ਤੋਂ ਭਟਕਾਅ ਦੀ ਸਥਿਤੀ ਅਖੀਰ ਵਿੱਚ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਛੱਡ ਦੇਣ ਦੀ ਸਥਿਤੀ ਵਿੱਚ ਬਦਲ ਗਈ ਅਤੇ ਪਾਰਟੀ ਦਾ ਜਮਾਤੀ-ਖਾਸਾ ਹੀ ਬਦਲ ਗਿਆ। ਲੋਕਾਂ ਵਿੱਚ ਕੰਮ ਕਰਨ ਵਾਲੇ ਆਮ ਕਾਰਕੁਨ ਡੂੰਘੀ ਨਿਰਾਸ਼ਾ ਦੇ ਸ਼ਿਕਾਰ ਸਨ ; ਪਰ ਉਨ੍ਹਾਂ ਦੀਆਂ ਇਨਕਲਾਬੀ ਭਾਵਨਾਵਾਂ ਮੌਜੂਦ ਸਨ। **ਭਾਕਪਾ** ਵਿੱਚ ਜਦੋਂ ਫੁੱਟ ਪਈ ਅਤੇ 1964 ਵਿੱਚ **ਭਾਕਪਾ (ਮਾਰਕਸਵਾਦੀ) ਜਾਂ (ਮਾਕਪਾ)** ਬਣੀ ਤਾਂ ਕਿਉਂਕਿ ਇਹ ਨਵੀਂ ਪਾਰਟੀ ਭਾਕਪਾ ਨੂੰ ਸੋਧਵਾਦੀ ਦੱਸ ਰਹੀ ਸੀ ਅਤੇ ਕੁੱਝ ਰੈਡੀਕਲ ਤੇਵਰ ਅਪਣਾ ਰਹੀ ਸੀ, ਇਸ ਲਈ ਸਫਾਂ ਵਿੱਚ ਕੁੱਝ ਉਮੀਦਾਂ ਪੈਦਾ ਹੋਈਆਂ। ਪਰ ਛੇਤੀ ਹੀ ਇਹ ਸਾਫ ਹੋ ਗਿਆ ਕਿ ਭਾਕਪਾ (ਮਾਰਕਸਵਾਦੀ) ਦਾ ਰਸਤਾ ਵੀ ਸੱਜੇਪੱਖੀ ਮੌਕਾਪ੍ਰਸਤੀ ਦਾ ਹੀ ਰਸਤਾ ਹੈ ਅਤੇ ਇਨ੍ਹਾਂ ਪਾਰਟੀਆਂ ਦੇ ਮੱਤਭੇਦ ਵਿਚਾਰਧਾਰਾ ਅਤੇ ਜਮਾਤੀ-ਖਾਸੇ ਦੇ ਨਹੀਂ ਸਗੋਂ ਸਿਰਫ ਕੁੱਝ ਨੀਤੀਆਂ ਦੇ ਹੀ ਹਨ।

ਇਹ ਸਮਾਂ ਸੀ ਜਦ ਪੂਰੀ ਦੁਨੀਆਂ ਵਿੱਚ ਖਰੁਸ਼ਚੇਵ ਦੇ ਸੋਧਵਾਦ ਦੇ ਵਿਰੁਧ ਚੀਨੀ ਕਮਿਊਨਿਸਟ ਪਾਰਟੀ ਦੇ ਸੰਘਰਸ਼ ਦਾ ਸ਼ੋਰ ਸੀ ਅਤੇ ਚੀਨ ਵਿੱਚ ਵੀ ਸੱਜੇਪੱਖੀ ਮੌਕਾਪ੍ਰਸਤੀ ਵਿਰੁੱਧ ਸੰਘਰਸ਼ **ਪ੍ਰੋਲੇਤਾਰੀ ਸਭਿਆਚਾਰਕ ਇਨਕਲਾਬ** (1966-67) ਦੇ ਮਹਾਂਵਿਸਫੋਟ ਦਾ ਰੂਪ ਲੈ ਚੁੱਕਾ ਸੀ। ਭਾਰਤ ਦੇ ਖੱਬੇਪੱਖੀ ਕਾਰਕੁਨਾਂ 'ਤੇ ਵੀ ਇਸਦਾ ਪ੍ਰੇਰਕ ਪ੍ਰਭਾਵ ਪੈ ਰਿਹਾ ਸੀ। ਇਸੇ ਸਮੇਂ, 1967 ਵਿੱਚ ਪੱਛਮੀ ਬੰਗਾਲ ਦੇ ਦਾਰਜੀਲਿੰਗ ਜ਼ਿਲ੍ਹੇ ਦੇ **ਨਕਸਲਬਾੜੀ** ਇਲਾਕੇ ਵਿੱਚ ਇੱਕ ਪ੍ਰਚੰਡ ਕਿਸਾਨ-ਉਭਾਰ ਫੁੱਟ ਪਿਆ। ਨਕਸਲਬਾੜੀ ਕਿਸਾਨ ਸੰਘਰਸ਼ ਮਾਕਪਾ ਦੀ ਦਾਰਜੀਲਿੰਗ ਜ਼ਿਲ੍ਹਾ ਕਮੇਟੀ ਦੇ ਜਥੇਬੰਦਕ ਕਾਨੂ ਸਾਨਿਆਲ, ਜੰਗਲ ਸੰਥਾਲ ਆਦਿ ਦੀ ਅਗਵਾਈ ਵਿੱਚ ਜਥੇਬੰਦ ਹੋਇਆ ਸੀ ; ਪਰ ਉਸਨੂੰ ਕੁਚਲਣ ਵਿੱਚ ਬੰਗਾਲ ਦੀ ਮੌਜੂਦਾ ਸਰਕਾਰ ਅਤੇ ਉਸ ਵਿੱਚ ਸ਼ਾਮਲ ਮਾਕਪਾ ਨੇ (ਜੋਤੀ ਬਾਸੂ ਕੋਲ਼ ਹੀ ਗ੍ਰਹਿ ਅਤੇ ਪੁਲਿਸ ਵਿਭਾਗ) ਕੋਈ ਰੂ-ਰਿਆਇਤ ਨਹੀਂ

ਵਰਤੀ। ਮਾਕਪਾ ਲੀਡਰਸ਼ਿਪ ਦਾ ਸੋਧਵਾਦੀ ਖਾਸਾ ਹੁਣ ਇਕਦਮ ਨੰਗਾ ਹੋ ਚੁੱਕਿਆ ਸੀ। ਨਕਸਲਬਾੜੀ ਕਿਸਾਨ–ਉਭਾਰ ਨੇ ਸੋਧਵਾਦ ਤੋਂ ਫੈਸਲਾਕੁੰਨ ਤੋੜ–ਵਿਛੋੜਾ ਕਰਕੇ ਸਫਾਂ ਨੂੰ ਇੱਕ ਨਵੀਂ ਇਨਕਲਾਬੀ ਪਾਰਟੀ ਬਨਾਉਣ ਦੀ ਦਿਸ਼ਾ ਵਿੱਚ ਪ੍ਰੇਰਿਤ ਕੀਤਾ ਅਤੇ ਇਸ ਪੱਖੋਂ ਉਸਦਾ ਇਤਿਹਾਸਕ ਮਹੱਤਵ ਸੀ। ਮਾਕਪਾ ਤੋਂ ਅੱਡ ਹੋ ਕੇ ਇਨਕਲਾਬੀ ਸਫਾਂ ਪੂਰੇ ਦੇਸ਼ ਵਿੱਚ ਗਰੁੱਪਾਂ ਵਿੱਚ ਜਥੇਬੰਦ ਹੋਣ ਲੱਗੀਆਂ, ਜਿਨ੍ਹਾਂ ਨਾਲ ਸੰਪਰਕ ਕਰਕੇ ਕੁੱਲ ਭਾਰਤ ਪੱਧਰ ਦੀ ਇੱਕ ਇਨਕਲਾਬੀ ਕਮਿਊਨਿਸਟ ਪਾਰਟੀ ਬਣਾਉਣ ਦੀ ਦਿਸ਼ਾ ਵਿੱਚ ਅੱਗੇ ਵਧਣ ਲਈ ਇੱਕ ਕੁੱਲ ਭਾਰਤ ਤਾਲਮੇਲ ਕਮੇਟੀ ਬਣਾਈ ਗਈ। ਪਰ ਇਹ ਪ੍ਰਕਿਰਿਆ ਵਿਚਾਲੇ ਹੀ ਰੁਕ ਗਈ। ਸਤ੍ਹਾਰਾਂ ਸਾਲਾਂ ਦੇ ਸੋਧਵਾਦ ਤੋਂ ਬਾਹਰ ਆ ਕੇ ਇੱਕ ਨਵੀਂ ਸ਼ੁਰੂਆਤ ਅਜੇ ਹੋਈ ਹੀ ਸੀ ਕਿ "ਖੱਬੇਪੱਖੀ" ਮਾਅਰਕੇਬਾਜੀ ਨੇ ਪੂਰੀ ਪ੍ਰਕਿਰਿਆ ਨੂੰ ਹੀ ਗਲਤ ਰਾਹ 'ਤੇ ਪਾ ਦਿੱਤਾ। **ਨਕਸਲਬਾੜੀ ਕਿਸਾਨ ਘੋਲ਼ ਵਿੱਚ ਜਨਤਕ ਲੀਹ ਲਾਗੂ ਕਰਨ ਵਾਲੇ ਸਥਾਨਕ ਜਥੇਬੰਦਕ ਆਪਣੀ ਵਿਚਾਰਧਾਰਕ ਕਮਜ਼ੋਰੀ ਕਾਰਨ ਉਸਨੂੰ ਅੱਗੇ ਨਹੀਂ ਵਧਾ ਸਕੇ ਅਤੇ ਅਖੀਰ ਉਨ੍ਹਾਂ ਨੇ ਚਾਰੂ-ਮਜੂਮਦਾਰ ਦੀ ਦਹਿਸ਼ਤਗਰਦ ਲਾਈਨ ਦੇ ਅੱਗੇ ਗੋਡੇ ਟੇਕ ਦਿੱਤੇ।** (ਚਾਰੂ ਮਜੂਮਦਾਰ ਇਸਤੋਂ ਪਹਿਲਾਂ ਮਾਕਪਾ ਦੇ ਦਾਰਜੀਲਿੰਗ ਜ਼ਿਲ੍ਹੇ ਦੇ ਸਕੱਤਰ ਸਨ)। ਆਂਧਰਾ ਦੇ ਕਮਿਊਨਿਸਟ ਇਨਕਲਾਬੀ (**ਡੀ. ਵੀ. ਰਾਓ - ਨਾਗਾ ਰੇਡੀ ਗਰੁੱਪ**) ਕਿਉਂਕਿ ਇਨਕਲਾਬੀ ਜਨਤਕ ਲੀਹ ਦੇ ਹਾਮੀ ਸਨ, ਇਸ ਲਈ ਨਿਹਾਇਤ ਇਕਤਰਫ਼ਾ ਅਤੇ ਨੌਕਰਸ਼ਾਹਾਨਾ ਢੰਗ ਨਾਲ਼ ਕਮਿਊਨਿਸਟ ਇਨਕਲਾਬੀਆਂ ਦੀ ਤਾਲਮੇਲ ਕਮੇਟੀ ਨੇ ਉਨ੍ਹਾਂ ਨੂੰ ਕੱਢ ਕੇ ਬਾਹਰ ਕਰ ਦਿੱਤਾ।

**1970 ਵਿੱਚ ਭਾਕਪਾ (ਮਾ. ਲੇ.) ਬਣੀ, ਪਰ ਇਹ ਨਵੀਂ ਪਾਰਟੀ ਜਨਤਕ ਲੀਹ ਦੀ ਬਜਾਏ ਦਹਿਸ਼ਤਗਰਦੀ ਦੀ ਲਾਈਨ 'ਤੇ ਗਠਿਤ ਹੋਈ। ਚਾਰੂ-ਮਜੂਮਦਾਰ ਦੀ "ਖੱਬੇਪੱਖੀ" ਮਾਅਰਕੇਬਾਜ਼ ਲਾਈਨ ਨਕਸਲਬਾੜੀ ਤੋਂ ਬਾਅਦ ਸ਼੍ਰੀਕਾਕੁਲਮ ਵਿੱਚ ਆਪਣੇ ਪੂਰੇ ਰੰਗ-ਰੂਪ ਵਿੱਚ ਸਾਹਮਣੇ ਆਈ। ਅਸਲ ਵਿੱਚ ਇਸ ਦਸ਼ਿਤਗਰਦੀ ਦਾ ਰੂਪ ਅਤਿਅੰਤ ਭੱਦਾ ਸੀ। ਚਾਰੂ-ਮਜੂਮਦਾਰ ਨੇ ਕਿਸੇ ਵੀ ਤਰ੍ਹਾਂ ਦੀਆਂ ਜਨਤਕ-ਜਥੇਬੰਦੀਆਂ ਬਣਾਉਣ ਜਾਂ ਕਾਨੂੰਨੀ ਦਾਇਰੇ ਵਿੱਚ ਸੰਘਰਸ਼ ਜਾਂ ਲੋਕ ਸੰਘਰਸ਼ ਦੇ ਐਕਸ਼ਨਾਂ ਨੂੰ ਹੀ ਸੋਧਵਾਦ ਐਲਾਨ ਦਿੱਤਾ। ਟਰੇਡ-ਯੂਨੀਅਨ ਮੋਰਚੇ ਨੂੰ ਪੂਰੀ ਤਰਾਂ ਛੱਡ ਕੇ ਇਨਕਲਾਬੀ ਧਾਰਾ ਦੇ ਸਮਰਥਨ ਵਿੱਚ ਖੜੇ ਸੱਨਅਤੀ ਮਜ਼ਦੂਰਾਂ ਦੀ ਵੱਡੀ ਅਬਾਦੀ ਨੂੰ ਸੋਧਵਾਦੀਆਂ-ਟਰੇਡਯੂਨੀਅਨਵਾਦੀਆਂ ਦੇ ਭਰੋਸੇ ਛੱਡ ਦਿੱਤਾ ਗਿਆ। ਚਾਰੂ-ਮਜੂਮਦਾਰ ਨੇ 'ਜਮਾਤੀ-ਦੁਸ਼ਮਣਾਂ ਦੇ ਸਫ਼ਾਏ' ਦੀ ਲਾਈਨ ਨੂੰ ਪੂਰੇ ਜ਼ੋਰ-ਸ਼ੋਰ ਨਾਲ ਲਾਗੂ ਕੀਤਾ। ਪਾਰਟੀ ਸਫਾਂ ਸਾਹਮਣੇ ਇੱਕੋ-ਇੱਕ ਮਹੱਤਵਪੂਰਨ ਕੰਮ ਸੀ, ਛੋਟੇ-ਛੋਟੇ ਹਥਿਆਰਬੰਦ ਦਸਤੇ ਬਣਾ ਕੇ ਭੂ-ਮਾਲਕਾਂ, ਸੂਦਖੋਰਾਂ ਅਤੇ ਭ੍ਰਿਸ਼ਟ ਜ਼ਾਲਮ ਸਰਕਾਰੀ ਅਧਿਕਾਰੀਆਂ ਦੀ ਹੱਤਿਆ ਕਰਨਾ। ਇਹ ਵਿਅਕਤੀਗਤ ਦਹਿਸ਼ਤਗਰਦੀ ਦਾ ਇੱਕ ਅਤਿਅੰਤ ਭੱਦਾ-ਵਿਗੜਿਆ ਰੂਪ ਸੀ।** ਪਿੰਡਾਂ ਵਿੱਚ ਜਾਰੀ ਐਕਸ਼ਨਾਂ ਦਾ ਵਿਸਤਾਰ ਜਦੋਂ ਸ਼ਹਿਰੀ ਦਹਿਸ਼ਤਗਰਦੀ ਦੇ ਰੂਪ ਵਿੱਚ ਹੋਇਆ ਤਾਂ ਇਸਦਾ ਦਿਵਾਲੀਆਪਣ ਹੋਰ ਵਧੇਰੇ ਨੰਗਾ ਹੋ ਗਿਆ। ਵਿਆਪਕ ਲੋਕਾਂ ਦੀ ਪਹਿਲਕਦਮੀ 'ਤੇ ਸਮਰਥਨ ਦੀ ਕਮੀ ਵਿੱਚ ਦਹਿਸ਼ਤਗਰਦ ਕਾਰਵਾਈਆਂ ਕਰਨ ਵਾਲੇ ਦਸਤੇ ਨਿੱਖੜਦੇ ਗਏ ਅਤੇ ਰਾਜ ਸੱਤ੍ਹਾ

ਨੂੰ ਬਰਬਰ ਦਮਨ ਦਾ ਚੰਗਾ ਮੌਕਾ ਮਿਲ ਗਿਆ ਜਿਸਦੇ ਕਲਾਵੇ ਵਿੱਚ ਆਮ ਗਰੀਬਾਂ ਦੀ ਵਿਆਪਕ–ਅਬਾਦੀ ਵੀ ਆ ਗਈ। ਦਹਿਸ਼ਤਗਰਦ ਲਾਈਨ ਇੱਕ ਤੋਂ ਬਾਅਦ ਇੱਕ ਕਈ ਖੇਤਰਾਂ ਵਿੱਚ ਲਾਗੂ ਹੋਈ ਅਤੇ ਜ਼ਬਰ–ਦਾਬੇ ਤੋਂ ਬਾਅਦ ਪਿਟਦੀ ਚਲੀ ਗਈ। ਹੁਣ ਪਾਰਟੀ ਦੇ ਵਿੱਚ ਇਸ ਲਾਈਨ ਦੇ ਵਿਰੋਧ ਵਿੱਚ ਆਵਾਜ਼ਾਂ ਉਠਣ ਲੱਗੀਆਂ ਪਰ ਹਰੇਕ ਅਜਿਹੀ ਅਵਾਜ਼ ਨੂੰ ਦਬਾ ਦਿੱਤਾ ਗਿਆ। ਇਸਦੇ ਬਾਵਜੂਦ ਪਾਰਟੀ ਦੀ ਏਕਤਾ ਕਾਇਮ ਨਹੀਂ ਰਹਿ ਸਕੀ। 1972 ਵਿੱਚ ਚਾਰੂ ਮਜੂਮਦਾਰ ਦੀ ਮੌਤ ਤੋਂ ਪਹਿਲਾਂ ਹੀ ਪਾਰਟੀ ਵਿੱਚ ਟੁੱਟ–ਖਿੰਡਾਅ ਦਾ ਸਿਲਸਿਲਾ ਸ਼ੁਰੂ ਹੋ ਚੁੱਕਿਆ ਸੀ। 1975 ਵਿੱਚ ਐਮਰਜੈਂਸੀ ਲਾਗੂ ਹੋਣ ਤੋਂ ਪਹਿਲਾਂ ਹੀ, ਲੋਕਾਂ ਤੋਂ ਨਿੱਖੜੀ ਹੋਈ ਲਹਿਰ ਨੂੰ ਰਾਜਕੀ ਦਹਿਸ਼ਤਗਰਦੀ (ਯਾਣੀ ਸਰਕਾਰੀ ਦਮਨ ਚੱਕਰ) ਨੇ ਝੂਠੇ ਮੁਕਾਬਲਿਆਂ, ਜੇਲਾਂ ਵਿੱਚ ਤਸ਼ੱਦਦ ਅਤੇ ਹੱਤਿਆਵਾਂ, ਫ਼ਰਜੀ ਮੁਕੱਦਮਿਆਂ ਅਤੇ ਬਹੁਤੇ ਆਗੂਆਂ ਅਤੇ ਪ੍ਰਮੁੱਖ ਜਥੇਬੰਦਕਾਂ ਦੀ ਗ੍ਰਿਫ਼ਤਾਰੀ ਦੇ ਜ਼ਰੀਏ ਕਮਜ਼ੋਰ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਸੀ। **ਕੋਈ ਵੀ ਇਨਕਲਾਬੀ ਲਹਿਰ ਜੇਕਰ ਲੋਕਾਂ ਵਿੱਚ ਆਪਣੀਆਂ ਡੂੰਘੀਆਂ ਜੜ੍ਹਾਂ ਜਮਾ ਲਵੇ ਤਾਂ ਰਾਜ ਸੱਤ੍ਹਾ ਦਾ ਭਿਆਨਕ ਤੋਂ ਭਿਆਨਕ ਦਮਨ ਚੱਕਰ ਵੀ ਉਸਨੂੰ ਤਬਾਹ ਨਹੀਂ ਕਰ ਸਕਦਾ। ਪਰ ਦਹਿਸ਼ਤਗਰਦ ਲਾਈਨ ਕਿਉਂਕਿ ਜਥੇਬੰਦੀ ਨੂੰ ਲੋਕਾਂ ਤੋਂ ਨਿਖੇੜ ਦਿੰਦੀ ਹੈ, ਇਸੇ ਲਈ ਰਾਜ-ਸੱਤਾ ਦਮਨ ਚੱਕਰ ਦੇ ਹੱਥਕੰਡੇ ਰਾਹੀਂ ਉਸ ਨਾਲ਼ ਨਜਿੱਠ ਲੈਣ ਵਿੱਚ ਕਾਮਯਾਬ ਹੋ ਜਾਂਦੀ ਹੈ।**

ਭਾਰਤ ਦੀ ਕਮਿਊਨਿਸਟ ਇਨਕਲਾਬੀ ਲਹਿਰ ਵਿੱਚ ਟੁੱਟ–ਭੱਜ ਅਤੇ ਖਿੰਡਾਅ ਦਾ ਜੋ ਸਿਲਸਿਲਾ ਸੈਂਤੀ ਸਾਲ ਪਹਿਲਾਂ ਸ਼ੁਰੂ ਹੋਇਆ ਸੀ, ਉਹ ਕਈ ਮੌਕਾਪ੍ਰਸਤ ਏਕਤਾਵਾਂ ਅਤੇ ਫੁੱਟਾਂ ’ਚੋਂ ਲੰਘਦੇ ਹੋਏ ਅੱਜ ਤੱਕ ਜਾਰੀ ਹੈ। ਇਸਦੀ ਵਿਸਤਾਰਪੂਰਵਕ ਚਰਚਾ ਇਥੇ ਸਾਡਾ ਵਿਸ਼ਾ ਨਹੀਂ ਹੈ। ਪਰ ਮੂਲ ਵਿਸ਼ਾ, ਯਾਣੀ ਦਹਿਸ਼ਤਗਰਦ ਲਾਈਨ ਦੇ ਚਰਿਤਰ ਅਤੇ ਇਸਦੇ ਨਤੀਜਿਆਂ ਨੂੰ ਚੰਗੀ ਤਰ੍ਹਾਂ ਸਮਝਣ ਲਈ ਕਮਿਊਨਿਸਟ ਇਨਕਲਾਬੀ ਲਹਿਰ ਦੀ ਸਥਿਤੀ ਬਾਰੇ ਸੂਤਰ ਵੱਜੋਂ ਕੁੱਝ ਚਰਚਾ ਜ਼ਰੂਰੀ ਹੈ। ਜਿਨ੍ਹਾਂ ਕਮਿਊਨਿਸਟ ਇਨਕਲਾਬੀ ਜਥੇਬੰਦੀਆਂ ਨੇ ਦਹਿਸ਼ਤਗਰਦ ਲਾਈਨ ਨਾਲੋਂ ਹੌਂਸਲੇ ਨਾਲ ਫੈਸਲਾਕੁੰਨ ਤੋੜ ਵਿਛੋੜਾ ਕਰਨ ਦੀ ਬਜਾਏ ਗਲਤੀਆਂ ਨੂੰ ਪਿਛਲੇ ਦਰਵਾਜ਼ੇ ਤੋਂ, ਹੌਲੀ–ਹੌਲੀ ਕਰਕੇ ਠੀਕ ਕਰ ਲੈਣ ਦਾ ਅਤੇ ਟਾਕੀਬਾਜ਼ੀ ਦਾ ਰਸਤਾ ਅਪਣਾਇਆ, ਉਹ ਇੰਚ–ਇੰਚ ਖਿਸਕਦੇ ਹੋਏ ਹੁਣ ਸੱਜੇਪੱਖੀ ਭਟਕਾਵਾਂ ਦੇ ਦੂਜੇ ਸਿਰੇ ’ਤੇ ਜਾ ਪੁੱਜੇ ਹਨ। ਇਨ੍ਹਾਂ ਵਿੱਚ ਕੁੱਝ ਤਾਂ ਭਾਕਪਾ–ਮਾਕਪਾ ਜਿਹੀਆਂ ਸੋਧਵਾਦੀ ਪਾਰਟੀਆਂ ਦੀ ਲਾਈਨ ਵਿੱਚ ਜਾ ਬੈਠੇ ਹਨ ਅਤੇ ਬਾਕੀ ਜ਼ਿਆਦਾਤਰ, ਕੁਝ ਅੱਗੇ–ਪਿੱਛੇ ਕਰਕੇ ਇਸੇ ਲਾਈਨ ਵਿੱਚ ਲੱਗੇ ਹੋਏ ਹਨ। ਚਾਰੂ–ਮਜੂਮਦਾਰ ਦੀ ਦਹਿਸ਼ਤਗਰਦ ਲਾਈਨ ਦੇ ਪਿਟ ਜਾਣ ਤੋਂ ਬਾਅਦ **ਭਾਕਪਾ - ਮਾ. ਲੇ. (ਲਿਬਰੇਸ਼ਨ) ਗਰੁੱਪ** ਨੇ ਫਿਰ ਜ਼ੋਰ ਸ਼ੋਰ ਨਾਲ ਇਸੇ ਲਾਈਨ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਕੀਤੀ, ਪਰ ਫਿਰ ਇਹ ਲਾਈਨ ਪਿਟ ਗਈ। 1980 ਦੇ ਬਾਅਦ ਇਸ ਗਰੁੱਪ ਨੇ ਭਰਪੂਰ ਲੀਪਾਪੋਤੀ ਕਰਦੇ ਹੋਏ ਆਪਣੀ ਵਿਚਾਰਧਾਰਕ ਪੋਜ਼ੀਸ਼ਨ ਵਿੱਚ ਨਾਟਕੀ ਬਦਲਾਅ ਕੀਤੇ ਅਤੇ ਦਹਿਸ਼ਤਗਰਦੀ ਦੇ ਟੋਏ ਤੋਂ ਨਿਕਲ ਕੇ ਸਿੱਧੀ ਸੰਸਦੀ ਰਾਜਨੀਤੀ ਦੀ ਖੱਡ ਵਿੱਚ ਜਾ ਡਿੱਗੀ। ਬਾਕੀ ਜੋ ਜਥੇਬੰਦੀਆਂ ਸੱਜੇਪੱਖੀ ਭਟਕਾਅ ਦੀਆਂ ਸ਼ਿਕਾਰ

ਹਨ, ਉਹ ਕੁੱਝ ਰਸਮੀ ਕਵਾਇਦਾਂ ਅਤੇ ਅਰਥਵਾਦੀ-ਸੋਧਵਾਦੀ ਸਰਗਰਮੀਆਂ ਰਾਹੀਂ ਆਪਣੇ ਜਿਉਂਦੇ ਹੋਣ ਦਾ ਪ੍ਰਮਾਣ ਦਿੰਦੀਆਂ ਰਹਿੰਦੀਆਂ ਹਨ। ਭਾਕਪਾ - ਮਾ. ਲੇ. (ਲਿਬਰੇਸ਼ਨ) ਗਰੁੱਪ ਦੇ ਸੰਸਦਮਾਰਗੀ ਹੋਣ ਤੱਕ ਦਹਿਸ਼ਤਗਰਦ ਲਾਈਨ ਦੇ ਮੁੱਖ ਪ੍ਰਚਾਰਕ ਦੇ ਰੂਪ ਵਿੱਚ **ਭਾਕਪਾ - ਮਾ. ਲੇ. (ਪੀਪਲਜ਼ ਵਾਰ) ਗਰੁੱਪ** ਸਾਹਮਣੇ ਆ ਚੁੱਕਿਆ ਸੀ। ਕੁੱਝ ਹੋਰ "ਖੱਬੇਪੱਖੀ" ਮਾਅਰਕੇਬਾਜ ਜਥੇਬੰਦੀਆਂ ਨਾਲ਼ ਇਸਦੀ ਏਕਤਾ ਦੇ ਬਾਅਦ ਦਹਿਸ਼ਤਗਰਦ ਲਾਈਨ ਦੇ ਧਰੁਵੀਕਰਨ ਦੀ ਪ੍ਰਕਿਰਿਆ ਆਪਣੇ ਅੰਜਾਮ ਤੱਕ ਜਾ ਪੁੱਜੀ ਅਤੇ ਅੱਜ **ਭਾਕਪਾ (ਮਾਓਵਾਦੀ)** ਇਸ ਲਾਈਨ ਦੀ ਪ੍ਰਤੀਨਿਧ ਜਥੇਬੰਦੀ ਦੇ ਰੂਪ ਵਿੱਚ, ਦੇਸ਼ ਦੇ ਕੁੱਝ ਹਿੱਸਿਆਂ ਵਿੱਚ ਪ੍ਰਭਾਵੀ ਰੂਪ ਵਿੱਚ ਸਰਗਰਮ ਹੈ।

ਭਾਰਤ ਦੀ ਕਮਿਊਨਿਸਟ ਇਨਕਲਾਬੀ ਲਹਿਰ ਦੀ ਮੂਲ ਸਮੱਸਿਆ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਦੇਖਿਆ ਜਾ ਸਕਦਾ ਹੈ। ਪਹਿਲੀ ਹੈ ਵਿਚਾਰਧਾਰਾ ਦੀ ਸਮੱਸਿਆ ਅਤੇ ਦੂਜੀ ਹੈ ਇਨਕਲਾਬ ਦੇ ਗ਼ਲਤ ਪ੍ਰੋਗਰਾਮ ਦੀ ਸਮੱਸਿਆ। ਕਮਿਊਨਿਸਟ ਲਹਿਰ ਵਿੱਚ ਵਿਚਾਰਧਾਰਕ ਕਮਜ਼ੋਰੀ ਦਾ ਇੱਕ ਲੰਮਾ ਇਤਿਹਾਸ ਰਿਹਾ ਹੈ, ਇਸਦੇ ਕਾਰਨ ਲਹਿਰ ਹਮੇਸ਼ਾਂ ਹੀ "ਖੱਬੇਪੱਖੀ" ਮਾਅਰਕੇਬਾਜੀ ਅਤੇ ਸੱਜੇਪੱਖੀ ਮੌਕਾਪ੍ਰਸਤੀ ਦੇ ਦੋ ਸਿਰਿਆਂ ਵਿੱਚਕਾਰ ਝੂਲਦੀ ਰਹੀ ਹੈ। ਦੂਜੀ ਸਮੱਸਿਆ ਦੇ ਮੂਲ ਵਿੱਚ ਵੀ ਵਿਚਾਰਧਾਰਕ ਕਮਜ਼ੋਰੀ ਹੀ ਮੂਲ ਕਾਰਨ ਹੈ। ਭਾਰਤੀ ਸਮਾਜ ਦੇ ਜਮਾਤੀ-ਸਬੰਧਾਂ ਨੂੰ ਸਮਝ ਕੇ ਇਨਕਲਾਬ ਦਾ ਸਹੀ ਪ੍ਰੋਗਰਾਮ ਮਿਥਣ ਦੀ ਬਜਾਏ ਭਾਰਤ ਦੀ ਕਮਿਊਨਿਸਟ ਲੀਡਰਸ਼ਿਪ ਹਮੇਸ਼ਾਂ ਤੋਂ ਅੰਤਰਰਾਸ਼ਟਰੀ ਲੀਡਰਸ਼ਿਪ ਅਤੇ ਸਫ਼ਲ ਇਨਕਲਾਬ ਕਰ ਚੁੱਕੀਆਂ ਪਾਰਟੀਆਂ ਦਾ ਮੂੰਹ ਤੱਕਦੀ ਰਹੀ ਹੈ। ਨਕਸਲਬਾੜੀ ਸੰਘਰਸ਼ ਤੋਂ ਪੈਦਾ ਹੋਈ ਇਨਕਲਾਬੀ ਧਾਰਾ ਦੀ ਲੀਡਰਸ਼ਿਪ ਨੇ ਵੀ ਅਜਿਹਾ ਹੀ ਕੀਤਾ। ਭਾਰਤ ਦੇ ਵਿਕਾਸਮਾਨ ਪੂੰਜੀਵਾਦੀ ਉਤਪਾਦਨ ਸਬੰਧਾਂ ਦਾ ਅਧਿਐਨ ਕਰਕੇ ਇਨਕਲਾਬ ਦੀਆਂ ਦੁਸ਼ਮਣ ਅਤੇ ਦੋਸਤ ਜਮਾਤਾਂ ਦਾ, ਇਨਕਲਾਬ ਦੀਆਂ ਸਹਿਭਾਗੀ ਜਮਾਤਾਂ ਦੇ ਸਾਂਝੇ ਮੋਰਚੇ ਦਾ ਅਤੇ ਇਨਕਲਾਬ ਦੀ ਯੁੱਧ-ਨੀਤੀ ਅਤੇ ਰਸਤਾ ਨਿਰਧਾਰਿਤ ਕਰਨ ਦੀ ਬਜਾਏ ਇਸ ਲੀਡਰਸ਼ਿਪ ਨੇ ਭਾਰਤੀ ਸਮਾਜ ਨੂੰ ਵੀ ਇਨਕਲਾਬ ਤੋਂ ਪਹਿਲਾਂ ਦੇ ਚੀਨ ਵਰਗਾ ਅਰਧ ਜਗੀਰੂ-ਅਰਧਬਸਤੀਵਾਦੀ ਮੰਨ ਲਿਆ ਅਤੇ ਚੀਨੀ ਨਵ ਜਮਹੂਰੀ ਇਨਕਲਾਬ ਦੇ ਪ੍ਰੋਗਰਾਮ ਨੂੰ ਹੂ-ਬ-ਹੂ ਮੰਨ ਲਿਆ। ਅਸਲ ਵਿੱਚ ਇਨਕਲਾਬ ਦੇ ਸਹੀ ਪ੍ਰੋਗਰਾਮ ਦੀ ਲੋੜ ਹੀ ਤਾਂ ਹੁੰਦੀ ਹੈ ਜਦ ਲੋਕਾਂ ਦੀਆਂ ਵੱਖਰੀਆਂ-ਵੱਖਰੀਆਂ ਜਮਾਤਾਂ ਨੂੰ ਉਨ੍ਹਾਂ ਦੀਆਂ ਮੰਗਾਂ 'ਤੇ ਲਾਮਬੰਦ ਕਰਨਾ ਹੋਵੇ ਅਤੇ ਉਨ੍ਹਾਂ ਦਾ ਸਾਂਝਾ ਮੋਰਚਾ ਬਣਾਉਣਾ ਹੋਵੇ। ਜਮਾਤੀ ਦੁਸ਼ਮਣਾਂ ਦੇ ਸਫ਼ਾਏ ਦੀ ਲਾਈਨ ਅਤੇ ਆਰਥਿਕ-ਰਾਜਨੀਤਿਕ ਸੰਘਰਸ਼ਾਂ ਦੇ ਵੱਖਰੇ-ਵੱਖਰੇ ਰੂਪਾਂ ਨੂੰ ਅਪਣਾਏ ਬਿਨਾਂ ਸਿੱਧਾ ਹਥਿਆਰਬੰਦ ਸੰਘਰਸ਼ ਛੇੜ ਦੇਣ ਦੀ ਲਾਈਨ ਨੂੰ ਇਨਕਲਾਬ ਦੇ ਪ੍ਰੋਗਰਾਮ ਦੀ ਅਸਲ ਵਿੱਚ ਜ਼ਰੂਰਤ ਹੀ ਨਹੀਂ ਸੀ। ਇਸੇ ਤਰਾਂ ਕੁੱਝ ਅਰਥਵਾਦ-ਸੋਧਵਾਦੀ ਕਵਾਇਦਾਂ ਕਰਦੇ ਰਹਿਣ ਵਾਲੇ ਸੱਜੇ ਪੱਖੀ ਮੌਕਾਪ੍ਰਸਤਾਂ ਦੇ ਲਈ ਇਸ ਗੱਲ ਦਾ ਕੋਈ ਮਤਲਬ ਨਹੀਂ ਹੁੰਦਾ ਕਿ ਇਨਕਲਾਬ ਦਾ ਪ੍ਰੋਗਰਾਮ ਕੀ ਹੈ, ਅਤੇ ਸਹੀ ਹੈ ਜਾਂ ਗਲਤ ਹੈ। ਪਰ ਫ਼ਿਰ ਵੀ ਜਿਹੜੀਆਂ ਕਮਿਊਨਿਸਟ ਇਨਕਲਾਬੀ ਜਥੇਬੰਦੀਆਂ ਨੇ ਕਿਸੇ ਹੱਦ ਤੱਕ ਇੱਕ ਗ਼ਲਤ

ਪ੍ਰੋਗਰਾਮ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕੀਤੀ, ਉਹ ਅਸਲ ਰੂਪ ਵਿੱਚ ਜਮਾਤੀ-ਸਹਿਯੋਗ ਦੀ ਲਾਈਨ 'ਤੇ ਚਲੇ ਗਏ ਅਤੇ ਇਸ ਅਭਿਆਸ ਦੀ ਲਗਾਤਾਰਤਾ ਨੇ ਸਮਾਂ ਬੀਤਣ ਮਗਰੋਂ ਉਨ੍ਹਾਂ ਦੀ ਵਿਚਾਰਧਾਰਕ ਪੋਜ਼ੀਸ਼ਨ ਵਿੱਚ ਮੌਜੂਦ ਭਟਕਾਵਾਂ ਨੂੰ ਵਧਾਉਣ ਵਿੱਚ ਇੱਕ ਜ਼ਰੂਰੀ ਭੂਮਿਕਾ ਨਿਭਾਈ ਹੈ। ਇੱਕ ਉਦਾਹਰਨ ਨਾਲ਼ ਇਹ ਗੱਲ ਸਾਫ਼ ਹੋ ਜਾਵੇਗੀ। ਭਾਰਤ ਵਿੱਚ ਕ੍ਰਮਵਾਰ ਪ੍ਰਕਿਰਿਆ ਵਿੱਚ ਪੂੰਜੀਵਾਦੀ ਭੂਮੀ-ਸੁਧਾਰ ਦੀਆਂ ਨੀਤੀਆਂ 'ਤੇ ਅਮਲ ਤੋਂ ਬਾਅਦ ਜ਼ਮੀਨ ਦੀ ਮਾਲਕੀ ਦਾ ਸਵਾਲ ਹੁਣ ਹੱਲ ਹੋ ਚੁੱਕਾ ਹੈ ਅਤੇ ਪਿੰਡਾਂ ਵਿੱਚ ਵੀ ਹੁਣ ਪੂੰਜੀ ਅਤੇ ਕਿਰਤ ਦੀ ਵਿਰੋਧਤਾਈ ਪ੍ਰਧਾਨ ਹੋ ਚੁੱਕੀ ਹੈ। ਪਿੰਡਾਂ ਵਿੱਚ ਧਨੀ ਕਿਸਾਨ ਹੁਣ ਮੰਡੀ ਅਤੇ ਮੁਨਾਫ਼ੇ ਲਈ ਪੈਦਾਵਾਰ ਕਰਦੇ ਹਨ ਅਤੇ ਮਜ਼ਦੂਰਾਂ ਤੋਂ ਇਲਾਵਾ ਉਨ੍ਹਾਂ ਛੋਟੇ ਅਤੇ ਨਿਮਨ-ਮੱਧਵਰਗੀ ਕਿਸਾਨਾਂ ਨਾਲ਼ ਵੀ ਉਨ੍ਹਾਂ ਦੀਆਂ ਵਿਰੋਧਤਾਈਆਂ ਦੁਸ਼ਮਣਾਨਾ ਬਣ ਚੁੱਕੀਆਂ ਹਨ ; ਜਿਨ੍ਹਾਂ ਦੀ ਖੇਤੀ ਉਹ ਪੂੰਜੀ ਦੀ ਤਾਕਤ ਦੇ ਦਮ 'ਤੇ ਹੜੱਪਦੇ ਰਹਿੰਦੇ ਹਨ। ਪਰ ਜਮਹੂਰੀ ਇਨਕਲਾਬ ਦੇ ਭੂਮੀ-ਪ੍ਰੋਗਰਾਮ ਅਨੁਸਾਰ ਵੱਡੇ ਅਤੇ ਉਚ-ਮੱਧਵਰਗੀ ਮਾਲਕ ਕਿਸਾਨਾਂ ਨੂੰ ਵੀ ਨਾਲ਼ ਲੈਣ ਲਈ, ਭਾਰਤ ਦੀਆਂ ਜ਼ਿਆਦਾਤਰ ਕਮਿਊਨਿਸਟ ਜਥੇਬੰਦੀਆਂ ਖੇਤੀ ਦੀ ਲਾਗਤ ਘਟਾਉਣ ਅਤੇ ਖੇਤੀ-ਉਤਪਾਦਾਂ ਦੇ ਲਾਭਕਾਰੀ ਭਾਵਾਂ ਲਈ ਸੰਘਰਸ਼ ਕਰਦੇ ਹਨ ਜੋ ਮੂਲ ਰੂਪ ਵਿੱਚ ਮੁਨਾਫ਼ਾਖੋਰ ਮਾਲਕ ਕਿਸਾਨਾਂ ਦੀਆਂ ਜਮਾਤੀ ਮੰਗਾਂ ਹਨ ਅਤੇ ਮਜ਼ਦੂਰਾਂ ਦੇ ਜਮਾਤੀ ਹਿੱਤਾਂ ਦੇ ਇਕਦਮ ਵਿਰੁੱਧ ਹਨ। ਇਸੇ ਤਰਾਂ, ਭਾਰਤੀ ਪੂੰਜੀਪਤੀ ਜਮਾਤ ਦਾ ਹਰ ਹਿੱਸਾ ਅੱਜ ਸਾਮਰਾਜਵਾਦ ਦਾ ਜੂਨੀਅਰ ਪਾਰਟਨਰ ਬਣ ਕੇ ਸੰਸਾਰ ਪੂੰਜੀਵਾਦੀ ਤਾਣੇ-ਬਾਣੇ ਵਿੱਚ ਫਿਟ ਹੋ ਚੁੱਕਿਆ ਹੈ। ਪਰ ਕੌਮੀ ਜਮਹੂਰੀ ਇਨਕਲਾਬ ਦੇ ਪ੍ਰੋਗਰਾਮ ਦੇ ਹਿਸਾਬ ਨਾਲ਼ ਪੂੰਜੀਪਤੀ ਜਮਾਤ ਦੇ ਕਿਸੇ ਇੱਕ ਹਿੱਸੇ ਨੂੰ ਰਾਸ਼ਟਰੀ-ਚਰਿੱਤਰ ਵਾਲਾ ਮੰਨਣ ਦੀ ਜ਼ਿੱਦ ਕਈ ਮਾ. ਲੇ. ਜਥੇਬੰਦੀਆਂ ਨੂੰ ਅਸਲ ਰੂਪ ਵਿੱਚ ਜਮਾਤੀ-ਸਹਿਯੋਗਵਾਦੀ ਪੋਜ਼ੀਸ਼ਨ 'ਤੇ ਲਿਜਾ ਕੇ ਖੜ੍ਹਾ ਕਰ ਦਿੰਦੀ ਹੈ। **ਪ੍ਰੋਗਰਾਮ ਦੀ ਗਲਤ ਸਮਝ ਅਸਲ ਵਿੱਚ ਜਮਾਤੀ ਸਹਿਯੋਗਵਾਦੀ ਖਾਸੇ ਤੱਕ ਪਹੁੰਚਾ ਦਿੰਦੀ ਹੈ, ਜਿਸਦੀ ਲਗਾਤਾਰਤਾ ਵਿਚਾਰਧਾਰਕ ਭਟਕਾਅ ਨੂੰ ਵਧਾਉਂਦੀ ਹੈ ਯਾਨੀ ਵਿਚਾਰਧਾਰਕ ਕਮਜ਼ੋਰੀ ਇੱਕ ਸਹੀ ਪ੍ਰੋਗਰਾਮ ਤੈਅ ਕਰਨ ਵਿੱਚ ਰੁਕਾਵਟ ਬਣਦੀ ਹੈ ਅਤੇ ਫਿਰ ਇੱਕ ਗ਼ਲਤ ਪ੍ਰੋਗਰਾਮ 'ਤੇ ਅਮਲ ਵਿਚਾਰਧਾਰਕ ਭਟਕਾਵਾਂ ਨੂੰ ਮਜ਼ਬੂਤ ਬਣਾਉਂਦਾ ਹੈ।** ਇਹੋ ਕਾਰਨ ਹੈ ਕਿ ਆਂਧਰਾ ਅਤੇ ਪੰਜਾਬ ਦੇ ਜਿਨ੍ਹਾਂ ਇਨਕਲਾਬੀਆਂ ਨੇ ਚਾਰੂ-ਮਜੂਮਦਾਰ ਦੀ ਦਹਿਸ਼ਤਗਰਦ ਲਾਈਨ ਦਾ ਵਿਰੋਧ ਕੀਤਾ ਸੀ, ਉਹ ਵੀ ਪ੍ਰੋਗਰਾਮ ਦੀ ਗ਼ਲਤ ਸਮਝ ਕਾਰਨ ਅੱਜ ਜੜ੍ਹਤਾ ਅਤੇ ਸੱਜੇਪੱਖੀ ਮੌਕਾਪ੍ਰਸਤ ਭਟਕਾਵਾਂ ਦੇ ਸ਼ਿਕਾਰ ਹਨ। ਨਕਸਲਬਾੜੀ ਸੰਘਰਸ਼ ਤੋਂ ਫੁੱਟੀ ਧਾਰਾ ਵਿੱਚ ਨਿਕਲੀਆਂ ਬਸ ਕੁੱਝ ਹੀ ਸ਼ਕਤੀਆਂ ਹਨ ਜੋ ਸਮਾਜਵਾਦੀ ਇਨਕਲਾਬ ਦੇ ਸਹੀ ਪ੍ਰੋਗਰਾਮ ਅਤੇ ਇਨਕਲਾਬੀ ਜਨਤਕ ਲੀਹ ਦੇ ਆਧਾਰ 'ਤੇ ਅੱਗੇ ਵਧਣ ਲਈ ਕੋਸ਼ਿਸ਼ਾਂ ਕਰ ਰਹੀਆਂ ਹਨ। ਪਰ ਅੱਜ ਦੀਆਂ ਪ੍ਰਤੀਕੂਲ ਹਾਲਤਾਂ ਵਿੱਚ, ਜ਼ਾਹਿਰ ਹੈ ਕਿ ਉਨ੍ਹਾਂ ਦਾ ਰਸਤਾ ਲੰਮਾ, ਬਹੁਤ ਹੀ ਮੁਸ਼ਕਲ ਅਤੇ ਬੇਹੱਦ ਚੁਣੌਤੀਪੂਰਨ ਹੋਵੇਗਾ।

## ਭਾਕਪਾ (ਮਾਓਵਾਦੀ) ਦਾ ਅਖੌਤੀ ਮਾਓਵਾਦ : ਦਹਿਸ਼ਤਗਰਦ ਰਾਜਨੀਤੀ ਦੇ ਪਰਚਮ 'ਤੇ "ਜਨਤਕ ਲੀਹ" ਦੇ ਵੇਲ-ਬੂਟੇ।

## ਅਖੌਤੀ ਮਾਓਵਾਦੀਆਂ ਦੀ ਦਿਵਾਲੀਆ ਵਿਚਾਰਧਾਰਾ ;

## ਕਠਮੁੱਲਾਵਾਦੀ ਪ੍ਰੋਗਰਾਮ ਅਤੇ ਸ਼ੇਖ ਚਿੱਲੀ ਦੇ ਸੁਪਨਿਆਂ ਵਰਗੀ ਕ੍ਰਾਂਤੀ-ਯੋਜਨਾ।

ਖ਼ੈਰ ਅਸੀਂ ਦਹਿਸ਼ਤਗਰਦ ਲਾਈਨ ਦੀ ਚਰਚਾ 'ਤੇ ਵਾਪਸ ਆਉਂਦੇ ਹਾਂ। **ਚਾਰੂ ਮਜੂਮਦਾਰ ਦੀ ਪੁਰਾਣੀ ਦਹਿਸ਼ਤਗਰਦ ਲਾਈਨ ਨੂੰ ਹੀ ਅੱਜ ਭਾਕਪਾ (ਮਾਓਵਾਦੀ) ਕੁੱਝ ਚਲਾਕੀ ਅਤੇ ਚਤੁਰਾਈ ਪੂਰਨ ਫੇਰ ਬਦਲ ਨਾਲ਼ ਲਾਗੂ ਕਰ ਰਹੀ ਹੈ। ਇਹ ਇੱਕ ਵਿਡੰਬਨਾ ਹੀ ਹੈ ਕਿ ਇਹ ਜਥੇਬੰਦੀ ਆਪਣੇ ਆਪ ਨੂੰ ਮਾਓਵਾਦੀ ਕਹਿੰਦੀ ਹੈ, ਜਦ ਕਿ ਮਾਓ-ਜ਼ੇ-ਤੁੰਗ ਇਨਕਲਾਬੀ ਜਨਤਕ ਲੀਹ ਦੇ ਮਹਾਨ ਪ੍ਰਯੋਗਕਰਤਾ ਅਤੇ ਸੱਜੇਪੱਖੀ ਤੇ "ਖੱਬੇਪੱਖੀ" ਮੌਕਾਪ੍ਰਸਤੀ ਦੇ ਕੱਟੜ ਵਿਰੋਧੀ ਸਨ।**

ਇਹ ਜਥੇਬੰਦੀ ਖੇਤੀ-ਬਾੜੀ ਦੇ ਮੁੱਖ ਮੈਦਾਨੀ ਖੇਤਰਾਂ ਵਿੱਚ ਅਸਫਲਤਾ ਤੋਂ ਬਅਦ, ਇਨ੍ਹੀ ਦਿਨੀ ਦੂਰ ਦੇ ਜੰਗਲਾਂ-ਪਹਾੜਾਂ ਦੇ ਕੁੱਝ ਆਦਿਵਾਸੀਆਂ ਦੀ ਵੱਧ ਅਬਾਦੀ ਵਾਲੇ ਖੇਤਰਾਂ ਵਿੱਚ ਹਥਿਆਰਬੰਦ ਸੰਘਰਸ਼ ਦੀ ਆਪਣੀ ਲਾਈਨ ਨੂੰ ਇਸ ਦਾਅਵੇ ਨਾਲ ਲਾਗੂ ਕਰ ਰਹੀ ਹੈ ਕਿ ਭਾਰਤੀ ਇਨਕਲਾਬ ਹੁਣ ਹਥਿਆਰਬੰਦ ਸੰਘਰਸ਼ ਦਾ ਰੂਪ ਲੈਣ ਦੇ ਉਚੇਰੇ ਪੜਾਅ ਵਿੱਚ ਪ੍ਰਵੇਸ਼ ਕਰ ਚੁੱਕਾ ਹੈ। ਪਰ ਪੂਰੀ ਸਥਿਤੀ 'ਤੇ ਜਦੋਂ ਅਸੀਂ ਨਜ਼ਰ ਮਾਰਦੇ ਹਾਂ ਤਾਂ ਇਸ ਲਾਈਨ ਦਾ ਦਿਵਾਲੀਆਪਨ ਇਕਦਮ ਉਜਾਗਰ ਹੋ ਜਾਂਦਾ ਹੈ। ਲਗਭਗ ਪਿਛਲੇ ਦੋ ਦਹਾਕਿਆਂ ਵਿੱਚ ਤੇਜ਼ੀ ਨਾਲ ਹੋਏ ਪੂੰਜੀਵਾਦੀ ਵਿਕਾਸ ਤੋਂ ਬਾਅਦ ਭਾਰਤ ਦੇ ਪਿੰਡਾਂ-ਸ਼ਹਿਰਾਂ ਦੀ ਕੁੱਲ ਮਜ਼ਦੂਰ-ਅਰਧ ਮਜ਼ਦੂਰ ਅਬਾਦੀ ਦੀ ਜਨਸੰਖਿਆ ਅੱਜ 55 ਕਰੋੜ ਤੋਂ ਵੀ ਕੁੱਝ ਉਪਰ ਪਹੁੰਚ ਰਹੀ ਹੈ। **ਇਸ ਅਬਾਦੀ ਵਿੱਚ ਭਾਕਪਾ (ਮਾਓਵਾਦੀ) ਦੀ ਪਹੁੰਚ-ਪਕੜ ਨਾ ਦੇ ਬਰਾਬਰ ਹੈ।** ਪਿੰਡਾਂ ਵਿੱਚ ਪੂੰਜੀ ਦੀ ਮਾਰ ਨਾਲ਼ ਹਰ ਸਾਲ ਕਰੋੜਾਂ ਦੀ ਸੰਖਿਆ ਵਿੱਚ ਵਿਸਥਾਪਿਤ ਹੋ ਰਹੇ ਕਿਸਾਨ ਲਗਾਤਾਰ ਉਨ੍ਹਾਂ ਉਦਯੋਗਿਕ ਮਜ਼ਦੂਰਾਂ ਦੀ ਲਾਈਨ ਵਿੱਚ ਸ਼ਾਮਲ ਹੋ ਰਹੇ ਹਨ, ਜਿਨ੍ਹਾਂ ਦੀ ਚੇਤਨਾ ਉਨਤ ਤਕਨਾਲੋਜੀ ਵਾਲੇ ਪੈਦਾਵਾਰੀ-ਕੰਮਾਂ ਵਿੱਚ ਹਿੱਸੇਦਾਰੀ ਦੇ ਕਾਰਨ ਉਨਤ ਹੈ। ਪਰ ਉਹ ਉਦਾਰੀਕਰਨ-ਨਿੱਜੀਕਰਨ ਦੀਆਂ ਘੋਰ ਮਜ਼ਦੂਰ-ਵਿਰੋਧੀ ਨੀਤੀਆਂ ਦੇ ਇਸ ਦੌਰ ਵਿੱਚ ਵੀ ਠੇਕਾ ਜਾਂ ਦਿਹਾੜੀਦਾਰ ਮਜ਼ਦੂਰ ਦੇ ਰੂਪ ਵਿੱਚ ਕਾਰਖਾਨਿਆਂ ਵਿੱਚ 50-60 ਰੁਪਏ ਦੀ ਦਿਹਾੜੀ 'ਤੇ ਦਸ-ਦਸ ਬਾਰ੍ਹਾਂ-ਬਾਰ੍ਹਾਂ ਘੰਟੇ ਹੱਡ ਭੰਨਵੀਂ ਮਿਹਨਤ ਕਰ ਰਹੇ ਹਨ। **ਇਸ ਇਨਕਲਾਬੀ ਸੰਭਾਵਨਾ ਨਾਲ਼ ਭਰਪੂਰ ਉਦਯੋਗਿਕ ਮਜ਼ਦੂਰ ਅਬਾਦੀ ਵਿੱਚ ਭਾਕਪਾ (ਮਾਓਵਾਦੀ) ਦਾ ਕੋਈ ਕੰਮ ਜਾਂ ਅਧਾਰ ਨਹੀਂ ਹੈ।** ਸ਼ਹਿਰੀ ਤੇ ਪੇਂਡੂ ਮੱਧਵਰਗ ਦੇ ਅਤੇ ਦਰਮਿਆਨੇ ਕਿਸਾਨਾਂ ਦੀ ਹੇਠਲੀ ਪਰਤ ਪੂੰਜੀ ਦੀ ਮਾਰ ਨਾਲ਼ ਲਗਾਤਾਰ ਤਬਾਹ ਹੋ ਰਹੀ ਹੈ ਅਤੇ ਇਹ ਪੂੰਜੀਵਾਦੀ ਵਿਵਸਥਾ ਵਿੱਚ ਆਪਣਾ ਕੋਈ ਭਵਿੱਖ ਨਹੀਂ ਵੇਖਦੀ। **ਇਸ ਅਬਾਦੀ ਨੂੰ ਵੀ ਜਥੇਬੰਦ ਕਰਨ ਦੀ ਭਾਕਪਾ (ਮਾਓਵਾਦੀ) ਦੀ ਕੋਈ ਮਹੱਤਵਪੂਰਨ ਕੋਸ਼ਿਸ਼ ਨਹੀਂ ਹੈ।** ਉਂਝ ਚਾਰੂ ਮਜੂਮਦਾਰ ਦੇ ਸਮੇਂ ਦੀ ਦਹਿਸ਼ਤਗਰਦੀ ਤੋਂ ਅੱਡ, ਭਾਕਪਾ

(ਮਾਓਵਾਦੀ) ਆਪਣੀ ਲਾਈਨ ਨੂੰ ਇਨਕਲਾਬੀ ਜਨਤਕ ਲੀਹ ਦੀ ਲਾਈਨ ਸਿੱਧ ਕਰਨ ਲਈ ਵਿਦਿਆਰਥੀਆਂ-ਨੌਜਵਾਨਾਂ, ਮਜ਼ਦੂਰਾਂ, ਮੱਧਵਰਗ ਅਤੇ ਕਿਸਾਨਾਂ ਵਿਚਕਾਰ ਜਨਤਕ ਜਥੇਬੰਦੀਆਂ ਬਣਾਕੇ ਜਨਤਕ-ਕਾਰਵਾਈਆਂ ਕਰਨ ਦੇ ਤੱਥ ਦੇ ਸਕਦੀ ਹੈ, ਪਰ ਸੱਚਾਈ ਕੀ ਹੈ? ਇਸ ਪਾਰਟੀ ਦੀਆਂ ਸਾਰੀਆਂ ਅਖੌਤੀ ਜਨਤਕ ਜਥੇਬੰਦੀਆਂ, ਜਨਤਕ ਜਥੇਬੰਦੀਆਂ ਨਹੀਂ ਸਗੋਂ ਪਾਰਟੀ ਦੀਆਂ ਮੋਰਚਾ ਜਥੇਬੰਦੀਆਂ ਦੇ ਰੂਪ ਵਿੱਚ, ਸਗੋਂ ਉਸਤੋਂ ਵੀ ਵੱਧ ਕੇ, ਪਾਰਟੀ ਦੀਆਂ ਕਾਨੂੰਨੀ ਸ਼ਾਖਾਵਾਂ ਵਾਂਗ ਕੰਮ ਕਰਦੀਆਂ ਹਨ। ਇਹ ਵੱਖ-ਵੱਖ ਜਮਾਤਾਂ-ਤਬਕਿਆਂ ਨੂੰ ਅਮਲ ਵਿੱਚ ਉਨ੍ਹਾਂ ਦੀਆਂ ਜਮਾਤੀ ਮੰਗਾਂ ਦੇ ਕਿਸੇ ਪ੍ਰੋਗਰਾਮ 'ਤੇ ਨਹੀਂ ਸਗੋਂ ਸਿੱਧਾ ਮਾਰਕਸਵਾਦ-ਲੈਨਿਨਵਾਦ ਦੀ ਵਿਚਾਰਧਾਰਾ 'ਤੇ ਜਥੇਬੰਦ ਕਰਦੇ ਹਨ। ਇਹ ਸਾਂਝੇ ਮੋਰਚੇ ਤੇ ਜਨਤਕ ਜਥੇਬੰਦੀਆਂ ਪ੍ਰਤੀ "ਖੱਬੇਪੱਖੀ" ਸੰਕੀਰਣਤਾਵਾਦੀ ਰੁਝਾਨ ਹੈ ਜੋ "ਖੱਬੇਪੱਖੀ" ਮਾਅਰਕੇਬਾਜ਼ੀ ਦਾ ਹੀ ਇਕ ਲੱਛਣ ਹੈ। **ਇਨ੍ਹਾਂ ਦੀਆਂ ਵਿਦਿਆਰਥੀ-ਨੌਜਵਾਨ ਜਥੇਬੰਦੀਆਂ ਦੀ ਇੱਕੋ ਇਕ ਭੂਮਿਕਾ ਪਾਰਟੀ ਵਿੱਚ ਨੌਜਵਾਨ ਵਿਦਰੋਹੀਆਂ ਦੇ ਭਰਤੀ-ਕੇਂਦਰ ਦੀ ਹੈ।** ਉਂਞ ਕੁੱਝ ਖੇਤਰਾਂ ਵਿੱਚ ਇਸ ਪਾਰਟੀ ਨੇ ਉਦਯੋਗਿਕ ਮਜ਼ਦੂਰਾਂ ਵਿੱਚ ਕੰਮ ਦੀ ਵੀ ਕੋਸ਼ਿਸ਼ ਕੀਤੀ, ਪਰ ਉਥੇ ਆਰਥਿਕ ਸੰਘਰਸ਼ ਦੇ ਨਾਲ਼-ਨਾਲ਼ ਰਾਜਨੀਤਿਕ ਪ੍ਰਚਾਰ-ਸਿੱਖਿਆ ਅਤੇ ਰਾਜਨੀਤਿਕ ਸੰਘਰਸ਼ ਦੀ ਸਹੀ ਜਨਤਕ ਲੀਹ ਲਾਗੂ ਕਰਨ ਦੀ ਬਜਾਏ ਤੱਤੀ-ਤੱਤੀ "ਖੱਬੇਪੱਖੀ" ਲੱਫਾਜ਼ੀ ਨਾਲ਼ ਇਨ੍ਹਾਂ ਨੇ ਪੂਰੀ ਤਰ੍ਹਾਂ ਨਾਲ ਭੱਦੀ ਅਰਥਵਾਦੀ ਲਾਈਨ ਲਾਗੂ ਕੀਤੀ। ਹੁਣ ਇਹ ਕੰਮ ਸਿਰਫ ਨਾਂ ਨੂੰ ਹੀ ਰਹਿ ਗਿਆ ਹੈ। ਕਿਉਂਕਿ ਇਹ ਜਥੇਬੰਦੀ ਵੀ ਨਵ-ਜਮਹੂਰੀ ਇਨਕਲਾਬ ਦੀ ਗੱਲ ਕਰਦੀ ਹੈ, ਇਸ ਲਈ ਇਸ ਲਾਈਨ ਨੂੰ ਪੰਜਾਬ ਅਤੇ ਦੇਸ਼ ਦੇ ਕੁੱਝ ਹੋਰਨਾਂ ਇਲਾਕਿਆਂ ਵਿੱਚ ਲਾਗੂ ਕਰਦੇ ਹੋਏ ਇਸਨੇ ਵੀ ਪੇਂਡੂ ਮਜ਼ਦੂਰ-ਅਰਧ ਮਜ਼ਦੂਰ ਅਬਾਦੀ ਨੂੰ ਪੂਰੀ ਤਰਾਂ ਛੱਡ ਕੇ ਖੇਤੀ ਦੇ ਲਾਗਤ ਮੁੱਲ ਘਟਾਉਣ ਅਤੇ ਲਾਭਕਾਰੀ ਭਾਅ ਹਾਸਲ ਕਰਨ ਦੀ ਮੰਗ ਉਠਾਈ ਅਤੇ ਇਸ ਤਰਾਂ ਲੋਟੂ ਵੱਡੇ ਮਾਲਕ ਕਿਸਾਨਾਂ ਦੀ ਪੂਛ ਬਣ ਗਈ। **ਕਥਨੀ 'ਚ ਮਾਰਕਸਵਾਦੀ ਅਤੇ ਕਰਨੀ 'ਚ ਨਰੋਦਵਾਦੀ** ਹੋਣ ਦਾ ਇਹ ਅਜੀਬ ਉਦਾਹਰਣ ਹੈ। ਸ਼ਹਿਰੀ ਬੁੱਧੀਜੀਵੀ ਜੋ "ਹਿੰਗ ਲੱਗੇ ਨਾ ਫਟਕੜੀ ਰੰਗ ਚੋਖਾ ਆਵੇ" ਵਾਲ਼ੇ ਇਨਕਲਾਬ-ਸਮਰਥਕ ਹੁੰਦੇ ਹਨ, ਉਨ੍ਹਾਂ ਦੇ ਪੈਸਿਵ ਰੈਡੀਕਲਿਜ਼ਮ ਨੂੰ ਤੁਸ਼ਟ ਕਰਨ ਵਾਲ਼ਾ ਢੁਕਵਾਂ ਕੰਮ ਉਨ੍ਹਾਂ ਨੂੰ ਸੌਂਪ ਦਿੱਤਾ ਗਿਆ ਹੈ। ਉਹ ਰਾਜ ਸੱਤਾ ਦੇ ਨਵੇਂ ਸੇਫ਼ਟੀਵਾਲਵਾਂ- ਤਰ੍ਹਾਂ-ਤਰ੍ਹਾਂ ਦੇ ਐਨ. ਜੀ. ਓ. ਪੰਥੀਆਂ, ਬੀ. ਡੀ. ਸ਼ਰਮਾ ਵਰਗੇ ਪਿਛਾਖੜੀਆਂ ਅਤੇ ਉਦਾਰੀਕਰਨ ਦੇ ਮੁੜ ਸੁਰਜੀਤੀਵਾਦੀ-ਗਾਂਧੀਵਾਦੀ ਵਿਰੋਧੀਆਂ ਦੀਆਂ ਰੰਗ-ਬਰੰਗੀਆਂ ਜਮਾਤਾਂ ਨਾਲ਼ ਧਰਨੇ-ਪ੍ਰਦਰਸ਼ਨ-ਜਲਸਿਆਂ ਦਾ ਮੰਚ ਸਜਾ ਕੇ "ਸਾਮਰਾਜਵਾਦ ਦਾ ਵਿਰੋਧ" ਕਰਦੇ ਰਹਿੰਦੇ ਹਨ। ਸ਼ਹਿਰੀ ਬੁੱਧੀਜੀਵੀਆਂ ਨੂੰ ਲੱਗਦਾ ਹੈ ਕਿ ਉਨ੍ਹਾਂ ਨੇ ਸਾਮਰਾਜਵਾਦ ਦੇ ਵਿਰੋਧ ਅਤੇ ਬੌਧਿਕ ਕੰਮਾਂ ਦਾ ਮੋਰਚਾ ਬਿਨਾਂ ਕਿਸੇ ਖਤਰੇ-ਤਕਲੀਫ ਦੇ ਸਾਂਭਿਆ ਹੋਇਆ ਹੈ ਅਤੇ ਉਧਰ ਜੰਗਲਾਂ ਪਹਾੜਾਂ ਵਿੱਚ ਅਸਲੀ ਕੰਮ, ਯਾਣੀ ਲੋਕ ਯੁੱਧ ਤਾਂ ਜਾਰੀ ਹੀ ਹੈ! ਇਸ ਤਰ੍ਹਾਂ ਭਾਕਪਾ (ਮਾਓਵਾਦੀ) ਦੀਆਂ ਜਨਤਕ ਕਾਰਵਾਈਆਂ ਜਾਂ ਤਾਂ "ਖੱਬੇਪੱਖੀ" ਸੰਕੀਰਣਤਾਵਾਦ ਜਾਂ ਫ਼ਿਰ ਸੱਜੀ ਮੌਕਾਪ੍ਰਸਤੀ ਦਾ ਵਿਚਿੱਤਰ ਨਮੂਨਾ ਪੇਸ਼

ਕਰਦੀਆਂ ਹਨ। **ਭਾਕਪਾ (ਮਾਓਵਾਦੀ) ਦੀ ਦਹਿਸ਼ਤਗਰਦ ਲਾਈਨ ਇਸ ਅਰਥ ਵਿੱਚ ਚਾਰੂ-ਮਜੂਮਦਾਰ ਦੀ ਦਹਿਸ਼ਤਗਰਦ ਲਾਈਨ ਤੋਂ ਵੱਖ ਹੈ ਕਿ ਇਸਦੇ ਨਾਲ-ਨਾਲ ਸੱਜੀ ਮੌਕਾਪ੍ਰਸਤੀ ਦੀ ਵੀ ਵਿਚਿੱਤਰ ਮਿਲਾਵਟ ਮੌਜੂਦ ਹੈ।** ਇਹ "ਖੱਬੀ" ਅਤੇ ਸੱਜੀ ਮੌਕਾਪ੍ਰਸਤੀ ਦੀ ਵਿਚਿੱਤਰ, ਬਦਬੂਦਾਰ ਬਿਰਯਾਨੀ ਪਰੋਸ ਰਹੀ ਹੈ। "ਖੱਬੀ" ਮਾਅਰਕੇਬਾਜੀ ਦੀ ਲਾਈਨ ਪਿੱਟ ਜਾਣ ਤੋਂ ਬਾਅਦ, ਪੂਰੀ ਸੰਭਾਵਨਾ ਹੈ ਕਿ ਇਹ ਪਾਰਟੀ ਜਾਂ ਇਸਦਾ ਕੋਈ ਹਿੱਸਾ ਵੀ ਭਾਕਪਾ (ਮਾ. ਲੇ.) ਲਿਬਰੇਸ਼ਨ ਦੀ ਤਰ੍ਹਾਂ ਹੀ ਸਿੱਧਾ ਸੱਜੇਪੱਖ ਦੀ ਸ਼ਰਨ ਵਿੱਚ ਚਲਾ ਜਾਵੇ। ਦੂਜਾ ਨਤੀਜਾ ਇਹ ਹੋ ਸਕਦਾ ਹੈ ਕਿ ਇਹ ਪੂਰੀ ਜਥੇਬੰਦੀ ਹੀ ਆਪਣੀਆਂ ਅੰਦਰੂਨੀ ਵਿਰੋਧਤਾਈਆਂ ਅਤੇ ਰਾਜਸੱਤ੍ਹਾ ਦੇ ਦਮਨ ਦੀ ਸ਼ਿਕਾਰ ਹੋ ਕੇ ਖਿੰਡ ਜਾਵੇ।

ਭਾਕਪਾ (ਮਾਓਵਾਦੀ) ਦਾ ਮੁੱਖ ਕੰਮ ਅੱਜ ਝਾਰਖੰਡ ਅਤੇ ਛੱਤੀਸਗੜ ਦੇ ਜੰਗਲੀ ਖੇਤਰਾਂ ਦੇ ਉਨ੍ਹਾਂ ਆਦਿਵਾਸੀਆਂ ਵਿੱਚ ਹੈ ਜੋ ਪ੍ਰਸ਼ਾਸਨ, ਪੁਲਿਸ ਅਤੇ ਠੇਕੇਦਾਰਾਂ ਦੀ ਬਰਬਰ ਲੁੱਟ ਦਾ ਸ਼ਿਕਾਰ ਹਨ। ਇਨ੍ਹਾਂ ਜਾਬਰਾਂ ਦੇ ਵਿਰੁੱਧ ਹਥਿਆਰਬੰਦ ਕਾਰਵਾਈਆਂ ਨੇ ਉਨ੍ਹਾਂ ਵਿੱਚ ਦਹਿਸ਼ਤ ਪੈਦਾ ਕਰਕੇ ਭੱਜਣ 'ਤੇ ਮਜਬੂਰ ਕੀਤਾ ਹੈ, ਜਿਸਦੇ ਕਾਰਨ ਅਖੌਤੀ ਮਾਓਵਾਦੀਆਂ ਨੂੰ ਦੱਬੀ-ਕੁਚਲੀ ਆਦਿਵਾਸੀ ਅਬਾਦੀ ਵਿੱਚ ਅਧਾਰ ਬਨਾਉਣ ਦਾ ਮੌਕਾ ਮਿਲਿਆ ਹੈ। ਇਸ ਅਬਾਦੀ ਲਈ ਅਖੌਤੀ ਮਾਓਵਾਦੀ ਜ਼ਿਆਦਾ ਤੋਂ ਜ਼ਿਆਦਾ ਉਂਝ ਹੀ ਨਾਇਕ ਹਨ ਜਿਵੇਂ ਬਿਰਸਾ ਮੁੰਡਾ, ਸਿੱਧੂ-ਕਾਨੂ ਆਦਿ ਸਨ। **ਪਹਿਲੀ ਗੱਲ ਤਾਂ ਇਹ ਕਿ ਭਾਕਪਾ (ਮਾਓਵਾਦੀ) ਜੇਕਰ ਦੇਸ਼ ਦੇ ਸਾਰੇ ਅਜਿਹੇ ਦੁਰਗਮ ਪਹਾੜਾਂ ਅਤੇ ਜੰਗਲਾਂ ਵਿੱਚ ਆਪਣਾ ਅਧਾਰ-ਖੇਤਰ ਬਣਾ ਵੀ ਲਵੇ** (ਜੋ ਕਦੇ ਵੀ ਸੰਭਵ ਨਹੀਂ ਹੈ ਕਿਉਂਕਿ ਅਜਿਹੇ ਖੇਤਰਾਂ ਦੇ ਵਿਸਤਾਰ ਦੀ ਸਾਰੀਆਂ ਹੁਣ ਤੱਕ ਦੀਆਂ ਕੋਸ਼ਿਸ਼ਾਂ ਨਾਕਾਮਯਾਬ ਹੋ ਚੁੱਕੀਆਂ ਹਨ) **ਤਾਂ ਵੀ ਉਸਦੀ ਪਹੁੰਚ ਅਬਾਦੀ ਦੇ ਮੁਸ਼ਕਲ ਨਾਲ ਪੰਦਰਾਂ ਫੀਸਦੀ ਹਿੱਸੇ ਤੱਕ ਹੀ ਹੋਵੇਗੀ ਅਤੇ ਉਹ ਵੀ ਅਜਿਹੀ ਅਬਾਦੀ, ਜਿਸਦੀ ਚੇਤਨਾ ਬਹੁਤ ਪਿਛੜੀ ਹੋਈ ਉਤਪਾਦਨ ਵਿਵਸਥਾ ਵਿੱਚ ਸ਼ਮੂਲੀਅਤ ਕਾਰਨ ਬਹੁਤ ਪਿਛੜੀ ਹੋਈ ਹੈ। ਇਹ ਅਬਾਦੀ ਦੇਸ਼ ਦੇ ਕਰੋੜਾਂ ਉਦਯੋਗਿਕ ਮਜ਼ਦੂਰਾਂ ਅਤੇ ਪੇਂਡੂ ਮਜ਼ਦੂਰਾਂ ਤੋਂ ਹੀ ਨਹੀਂ ਸਗੋਂ ਛੋਟੇ ਕਿਸਾਨਾਂ ਤੋਂ ਵੀ ਮੀਲਾਂ ਪਿੱਛੇ ਦੀ ਚੇਤਨਾ ਰੱਖਦੀ ਹੈ। ਭਾਕਪਾ (ਮਾਓਵਾਦੀ) ਦਾ ਇਨ੍ਹਾਂ ਵਿੱਚ ਅਧਾਰ ਕਾਇਮ ਹੈ ਕਿਉਂਕਿ ਸਿਰਫ਼ ਉਥੇ ਹੀ ਅਜਿਹਾ ਸੰਭਵ ਹੈ।** ਇਹ ਪਾਰਟੀ ਜਿਵੇਂ ਹੀ ਆਪਣੇ "ਚਿੰਗ ਕਾਂਗ ਸ਼ਾਨ ਪਹਾੜੀ ਖੇਤਰ" ਤੋਂ ਬਾਹਰ ਆ ਕੇ ਨਵ ਜਮਹੂਰੀ ਇਨਕਲਾਬ ਦੀ ਲਾਈਨ ਦੇ ਹਿਸਾਬ ਨਾਲ਼ ਪਿੰਡਾਂ ਤੋਂ ਸ਼ਹਿਰਾਂ ਨੂੰ ਘੇਰਨ ਲਈ ਮੈਦਾਨੀ ਪੇਂਡੂ ਇਲਾਕਿਆਂ ਵਿੱਚ ਅਧਾਰ ਖੇਤਰ ਬਣਾਉਣ ਦੀ ਕੋਸ਼ਿਸ਼ ਕਰੇਗੀ, ਉਵੇਂ ਹੀ ਸ਼ੇਖਚਿੱਲੀ ਦੇ ਸਾਰੇ ਸੁਪਨੇ ਢਹਿ-ਢੇਰੀ ਹੋ ਜਾਣਗੇ। ਭਾਕਪਾ (ਮਾਓਵਾਦੀ) ਇਹ ਸਮਝਦੀ ਹੈ, ਇਸੇ ਲਈ ਉਹ ਨਿੱਕੀਆਂ ਮੋਟੀਆਂ ਦਹਿਸ਼ਤਗਰਦ ਕਾਰਵਾਈਆਂ ਤੋਂ ਅੱਗੇ ਕਦਮ ਨਹੀਂ ਵਧਾਉਂਦੀ ਅਤੇ ਇਨ੍ਹਾਂ ਦਹਿਸ਼ਤਗਰਦ ਕਾਰਵਾਈਆਂ ਨੂੰ ਹੀ ਲੋਕ ਯੁੱਧ ਦਾ ਨਾਂ ਦਿੰਦੀ ਰਹੀ ਹੈ। ਇਹ ਇੱਕ ਮਜ਼ਾਕ ਹੀ ਹੈ ਕਿ ਦੋ ਰਾਜਾਂ ਦੇ ਕੁੱਝ ਜ਼ਿਲ੍ਹਿਆਂ ਦੇ ਜੰਗਲੀ ਖੇਤਰਾਂ ਵਿੱਚ ਅਧਾਰ ਅਤੇ ਕੁੱਝ ਹੋਰ ਇਲਾਕਿਆਂ ਵਿੱਚ ਕੱਲੀਆਂ-ਕਹਿਰੀਆਂ ਦਹਿਸ਼ਤਗਰਦ ਕਾਰਵਾਈਆਂ ਕਰਨ ਵਾਲ਼ੀ ਇਸ ਪਾਰਟੀ ਨੇ ਹੁਣ ਛਾਪਾਮਾਰ ਯੁੱਧ (ਗੁਰੀਲਾ ਵਾਰਫੇਅਰ) ਨੂੰ ਚਲਾਏਮਾਨ ਯੁੱਧ

(ਮੋਬਾਇਲ ਵਾਰਫੇਅਰ) ਦੇ ਪੜਾਆਂ ਵਿੱਚ ਲੈ ਜਾਣ ਦਾ ਨਾਹਰਾ ਦੇ ਦਿੱਤਾ ਹੈ (ਆਪਣੇ ਛਾਪਾਮਾਰ ਦਸਤਿਆਂ ਨੂੰ ਲੋਕ ਮੁਕਤੀ ਫੌਜ ਦਾ ਨਾਂ ਤਾਂ ਉਹ ਪਹਿਲਾਂ ਹੀ ਦੇ ਚੁੱਕੀ ਹੈ)। ਚੀਨੀ ਇਨਕਲਾਬ ਵਿੱਚ ਲਮਕਵੇਂ ਲੋਕਯੁੱਧ ਦੇ ਵਿਕਾਸ ਦੇ ਇਤਿਹਾਸ ਦਾ ਕੋਈ ਵੀ ਵਿਦਿਆਰਥੀ ਇਹ ਆਸਾਨੀ ਨਾਲ ਸਮਝ ਸਕਦਾ ਹੈ ਕਿ ਭਾਰਤ ਵਿੱਚ ਅੱਜ ਜੇ ਨਵ-ਜਮਹੂਰੀ ਇਨਕਲਾਬ ਦਾ ਪੜਾਅ ਹੁੰਦਾ ਤਾਂ ਵੀ ਅਖੌਤੀ ਮਾਓਵਾਦੀਆਂ ਦੀਆਂ ਤਰਕੀਬਾਂ ਤੇ ਮਨਸੂਬੇ ਸ਼ੇਖਚਿੱਲੀ ਦੇ ਸੁਪਨਿਆਂ ਤੋਂ ਵੱਧ ਕੁਝ ਨਾ ਹੁੰਦੇ।

**''ਖੱਬੀ'' ਮਾਅਰਕੇਬਾਜੀ ਦੀ ਇਹ ਲਾਈਨ ਪੂੰਜੀਵਾਦੀ ਵਿਵਸਥਾ ਦੇ ਲਈ, ਜ਼ਿਆਦਾ ਤੋਂ ਜ਼ਿਆਦਾ ਕਾਨੂੰਨ ਵਿਵਸਥਾ ਦੀ ਸਮੱਸਿਆ ਪੈਦਾ ਕਰ ਸਕਦੀ ਹੈ, ਪਰ ਇੱਕ ਅਰਬ ਪੱਚੀ ਕਰੋੜ ਦੀ ਅਬਾਦੀ ਵਾਲ਼ੇ ਇਸ ਵਿਸ਼ਾਲ ਦੇਸ਼ ਦੀ 55 ਕਰੋੜ ਮਜ਼ਦੂਰ-ਅਰਧਮਜ਼ਦੂਰ ਅਬਾਦੀ ਅਤੇ ਲਗਭਗ 40 ਕਰੋੜ ਹੋਰ ਲੁੱਟ-ਜਬਰ ਦੀਆਂ ਸ਼ਿਕਾਰ ਜਮਾਤਾਂ ਦੀ ਅਬਾਦੀ ਨੂੰ ਸਾਮਰਾਜਵਾਦ ਅਤੇ ਪੂੰਜੀਵਾਦ ਦੇ ਖਿਲਾਫ਼ ਲਾਮਬੰਦ ਕਰਕੇ ਮੌਜੂਦਾ ਰਾਜ ਸੱਤ੍ਹਾ ਨੂੰ ਉਖਾੜ-ਸੁੱਟਣ ਦੇ ਅਸਲ ਇਤਿਹਾਸਕ ਕੰਮ ਨੂੰ ਕਦੇ ਅੰਜਾਮ ਨਹੀਂ ਦੇ ਸਕਦੀ।** ਉਂਝ ਆਰਥਿਕ ਤੌਰ 'ਤੇ ਵੀ ਵੇਖੀਏ ਤਾਂ ਭਾਕਪਾ (ਮਾਓਵਾਦੀ) ਜਿਨ੍ਹਾਂ ਖੇਤਰਾਂ ਵਿੱਚ ਆਪਣੇ ਅਧਾਰ ਇਲਾਕਿਆਂ ਦਾ ਵਿਸਤਾਰ ਕਰਨਾ ਚਾਹੁੰਦੀ ਹੈ ('ਅਖੌਤੀ ਰੈਡ ਕੋਰੀਡੋਰ') ਉਹ ਭਾਰਤੀ ਪੂੰਜੀਵਾਦ ਦੀ ਲਾਈਫ਼-ਲਾਈਨ ਨਹੀਂ ਹੈ। ਉਨਤ ਖੇਤੀ ਅਤੇ ਉਦਯੋਗਿਕ ਉਤਪਾਦਨ ਦੇ ਖੇਤਰਾਂ ਵਿੱਚ ਪ੍ਰਭਾਵ-ਵਿਸਤਾਰ ਦੀ ਕੋਸ਼ਿਸ ਕਰਦਿਆਂ ਹੀ ਸਾਮਰਾਜਵਾਦ ਸਮਰਥਿਤ ਅਤੇ ਵਿਆਪਕ ਸਮਾਜਕ ਸਹਾਰਿਆਂ (Social Props) ਅਤੇ ਆਧੁਨਿਕ ਸੁਗਠਿਤ ਫੌਜੀ-ਤਾਣੇ ਬਾਣੇ ਵਾਲੀ ਭਾਰਤੀ ਬੁਰਜੂਆ ਰਾਜ ਸੱਤ੍ਹਾ ਇਨ੍ਹਾਂ ਨੂੰ ਕੁਚਲਣ ਲਈ ਆਪਣੀ ਪੂਰੀ ਤਾਕਤ ਲਾ ਦੇਵੇਗੀ। ਇਸਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਇਨ੍ਹਾਂ ਖੇਤਰਾਂ ਦੇ ਲੋਕ ਦਹਿਸ਼ਤਗਰਦੀ ਦੀ ਲਾਈਨ ਨੂੰ ਆਪਣੇ ਸਹਿਜ ਜਮਾਤੀ ਬੋਧ ਨਾਲ਼ ਹੀ ਰੱਦ ਕਰ ਦੇਣਗੇ। ਲੋਕ ਜੇਕਰ ਸਰਗਰਮ ਰੂਪ ਵਿੱਚ ਨਾਲ਼ ਹੋਣ ਤਾਂ ਰਾਜ ਸੱਤ੍ਹਾ ਦਾ ਤਾਕਤਵਰ ਤੋਂ ਤਾਕਤਵਰ ਦਮਨਕਾਰੀ ਢਾਂਚਾ ਵੀ ਕਾਗਜ਼ੀ ਸ਼ੇਰ ਸਿੱਧ ਹੁੰਦਾ ਹੈ। ਪਰ ਲੋਕ ਜੇਕਰ ਨਾਲ਼ ਨਾ ਹੋਣ ਤਾਂ ਥੋੜੇ ਜਿਹੇ ਇਨਕਲਾਬੀ ਬਹਾਦਰੀ, ਕੁਰਬਾਨੀ, ਦਹਿਸ਼ਤਗਰਦ ਛਾਪਾਮਾਰ ਕਾਰਵਾਈਆਂ ਰਾਹੀਂ ਰਾਜਸੱਤ੍ਹਾ ਦੇ ਦਮਨ-ਤੰਤਰ ਦਾ ਮੁਕਾਬਲਾ ਨਹੀਂ ਕਰ ਸਕਦੇ-ਇਤਿਹਾਸ ਨੇ ਵਾਰ-ਵਾਰ ਇਹੋ ਸਿੱਧ ਕੀਤਾ ਹੈ। ਭਾਰਤ ਵਰਗੇ ਮੁਲਕ ਵਿੱਚ ਵਿਆਪਕ ਲੋਕਾਂ ਦੀਆਂ ਵੱਖਰੀਆਂ ਜਮਾਤਾਂ ਨੂੰ (ਸਰਵ ਉਚ ਤੌਰ 'ਤੇ ਸੱਨਅਤੀ ਮਜ਼ਦੂਰਾਂ ਨੂੰ, ਫ਼ਿਰ ਪਿੰਡਾਂ-ਸ਼ਹਿਰਾਂ ਦੀ ਸਾਰੀ ਮਜ਼ਦੂਰ-ਅਰਧਮਜ਼ਦੂਰ ਅਬਾਦੀ ਨੂੰ ਅਤੇ ਫ਼ਿਰ ਪੇਂਡੂ-ਸ਼ਹਿਰੀ ਮੱਧਵਰਗ ਅਤੇ ਹੇਠਲੇ-ਮੱਧਵਰਗੀ ਕਿਸਾਨਾਂ ਨੂੰ) ਉਨ੍ਹਾਂ ਦੀਆਂ ਆਰਥਿਕ-ਰਾਜਨੀਤਿਕ ਮੰਗਾਂ 'ਤੇ ਜਥੇਬੰਦ ਕਰਕੇ ਅਤੇ ਸੰਘਰਸ਼ ਦੀ ਲਮਕਵੀਂ ਪ੍ਰਕਿਰਿਆ ਨੂੰ ਕਦਮ-ਕਦਮ ਅੱਗੇ ਵਧਾਉਂਦੇ ਹੋਏ ਇਨਕਲਾਬੀ ਸੰਕਟ ਦੀ ਹਰੇਕ ਸਥਿਤੀ ਦਾ ਫ਼ਾਇਦਾ ਲੈਂਦੇ ਹੋਏ, ਦੇਸ਼ ਵਿਆਪੀ ਲੋਕ-ਲਹਿਰਾਂ ਦੇ ਕਈ ੇੜਾਂ 'ਚੋਂ ਗੁਜ਼ਰਦੇ ਹੋਏ ਆਮ ਬਗ਼ਾਵਤ ਦੇ ਫੈਸਲਾਕੁੰਨ ਪੜਾਅ 'ਤੇ ਪਹੁੰਚ ਕੇ ਹੀ ਅਸਲ ਵਿੱਚ ਕਿਸੇ ਰੈਡੀਕਲ ਸਮਾਜਿਕ ਇਨਕਲਾਬ ਨੂੰ ਅੰਜਾਮ ਦਿੱਤਾ ਜਾ ਸਕਦਾ ਹੈ। ਲਮਕਵਾਂ ਲੋਕ ਯੁੱਧ ਚਲਾਉਣ

ਅਤੇ ਮੁਕਤ–ਖੇਤਰ ਬਣਾਕੇ ਪਿੰਡਾਂ ਤੋਂ ਸ਼ਹਿਰਾਂ ਨੂੰ ਘੇਰਦੇ ਹੋਏ ਰਾਜਸੱਤ੍ਹਾ 'ਤੇ ਕਬਜ਼ਾ ਕਰਨ ਦੀ ਕੋਈ ਵੀ ਲਾਈਨ ਅਮਲ ਵਿੱਚ ਲਿਆਉਣ ਦੀ ਹਰ ਕੋਸ਼ਿਸ਼ ਅਸਲ ਵਿੱਚ ਕੁੱਝ ਦੁਰੇਡੇ ਖੇਤਰਾਂ ਵਿੱਚ ਛਾਪਾਮਾਰ ਕਾਰਵਾਈਆਂ ਤੱਕ ਸੀਮਿਤ ਰਹਿਣ ਦੀ ਦਹਿਸ਼ਤਗਰਦ ਲਾਈਨ ਦੇ ਰੂਪ ਵਿੱਚ ਹੀ ਸਾਹਮਣੇ ਆਵੇਗੀ।

**ਦਹਿਸ਼ਤਗਰਦ ਲਾਈਨ ਪੂੰਜੀਵਾਦੀ ਵਿਵਸਥਾ ਦੇ ਲਈ ਜ਼ਿਆਦਾ ਤੋਂ ਜ਼ਿਆਦਾ ਕਾਨੂੰਨ-ਵਿਵਸਥਾ ਦਾ ਸਿਰਦਰਦ ਪੈਦਾ ਕਰਦੀ ਹੈ, ਪਰ ਇਸਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਉਹ ਹਾਕਮ-ਜਮਾਤਾਂ, ਉਨ੍ਹਾਂ ਦੀ ਰਾਜਸੱਤ੍ਹਾ ਅਤੇ ਉਨ੍ਹਾਂ ਦੇ ਪ੍ਰਚਾਰ-ਤੰਤਰ ਨੂੰ ਇਹ ਮੌਕਾ ਦਿੰਦੀ ਹੈ ਕਿ ਉਹ ਦਹਿਸ਼ਤਗਰਦਾਂ ਦੀਆਂ ਕਾਰਗੁਜ਼ਾਰੀਆਂ ਦੇ ਹਵਾਲੇ ਤੋਂ ਸਾਰੇ ਇਨਕਲਾਬੀਆਂ ਵਿਰੁੱਧ ਕੂੜ-ਪ੍ਰਚਾਰ ਕਰੇ, ਉਨ੍ਹਾਂ ਨੂੰ ਬਦਨਾਮ ਕਰੇ ਅਤੇ ਵਿਆਪਕ ਲੋਕਾਂ ਵਿੱਚ ਭਰਮ ਪੈਦਾ ਕਰੇ।**

**ਦਹਿਸ਼ਤਗਰਦੀ ਕਾਨੂੰਨ ਵਿਵਸਥਾ ਦੀ ਸਮੱਸਿਆ ਪੈਦਾ ਕਰ ਸਕਦੀ ਹੈ ਪਰ ਇਨਕਲਾਬ ਨਹੀਂ ਕਰ ਸਕਦੀ। ਦਹਿਸ਼ਤਗਰਦੀ ਹਾਕਮਾਂ ਨੂੰ ਇਨਕਲਾਬ ਵਿਰੁੱਧ ਕੂੜ-ਪ੍ਰਚਾਰ ਕਰਨ ਦਾ ਮੌਕਾ ਦਿੰਦੀ ਹੈ। ਦਹਿਸ਼ਤਗਰਦੀ ਲੋਕਾਂ ਨੂੰ ਅਤੇ ਇਨਕਲਾਬ ਨੂੰ ਸਿਰਫ਼ ਨੁਕਸਾਨ ਪੁਚਾਉਂਦੀ ਹੈ। ਦਹਿਸ਼ਗਰਦੀ ਪੂੰਜਵਾਦੀ ਸਮਾਜ ਦੇ ਵਿਦਰੋਹੀ ਮੱਧਵਰਗ ਦਾ ਦਿਸ਼ਾ-ਹੀਣ ਵਿਦਰੋਹ ਹੈ। ਇਹ ਪੂੰਜੀਵਾਦੀ ਸਮਾਜ ਦਾ ਸਥਾਈ ਵਰਤਾਰਾ ਹੈ। ਦਹਿਸ਼ਤਗਰਦੀ ਇਨਕਲਾਬਾਂ ਦੀ ਹਾਰ ਤੋਂ ਪੈਦਾ ਹੋਈ ਨਿਰਾਸ਼ਾ ਦੀ ਦੇਣ ਹੈ। ਇਹ ਉਦੋਂ ਤੱਕ ਹੀ ਪ੍ਰਭਾਵ ਵਿੱਚ ਰਹਿੰਦੀ ਹੈ ਜਦੋਂ ਤੱਕ ਸਹੀ ਇਨਕਲਾਬੀ ਧਾਰਾ ਕਮਜ਼ੋਰ ਰਹਿੰਦੀ ਹੈ।**

**ਦਹਿਸ਼ਤਗਰਦੀ ਲੋਕਾਂ ਨੂੰ ਇਨਕਲਾਬ ਦਾ ਸ਼ਾਰਟ-ਕਟ ਦੱਸਦੀ ਹੈ ਅਤੇ ਉਨ੍ਹਾਂ ਵਿੱਚ ਝੂਠੀਆਂ ਆਸਾਂ ਪੈਦਾ ਕਰਦੀ ਹੈ। ਪਰ ਹਰ ਝੂਠੀ ਆਸ ਅੱਗੇ ਜਾ ਕੇ ਪਹਿਲਾਂ ਦੇ ਮੁਕਾਬਲੇ ਹੋਰ ਡੂੰਘੀ ਨਿਰਾਸ਼ਾ ਨੂੰ ਜਨਮ ਦਿੰਦੀ ਹੈ। ਦਹਿਸ਼ਤਗਰਦ ਲਾਈਨ ਜਦੋਂ ਆਪਣੀ ਅਸਫ਼ਲਤਾ, ਹਾਰ, ਖਿੰਡਾਅ ਦਾ ਸ਼ਿਕਾਰ ਹੋਣ ਜਾਂ ਦੂਜੇ ਸਿਰੇ 'ਤੇ ਜਾ ਕੇ ਸੱਜੀ ਮੌਕਾਪ੍ਰਸਤੀ ਦੀ ਦਲਦਲ ਵਿੱਚ ਜਾ ਕੇ ਡਿੱਗਣ ਦੇ ਤਾਰਕਿਕ ਨਤੀਜੇ 'ਤੇ ਪੁੱਜਦੀ ਹੈ ਤਾਂ ਝੂਠੀਆਂ ਆਸਾਂ ਰੱਖਣ ਵਾਲੇ ਲੋਕ ਡੂੰਘੀ ਨਿਰਾਸ਼ਾ ਵਿੱਚ ਡੁੱਬ ਜਾਂਦੇ ਹਨ ਅਤੇ ਇਨਕਲਾਬ ਦੀ ਲਹਿਰ 'ਤੇ ਉਲਟ ਇਨਕਲਾਬ ਦੀ ਲਹਿਰ ਕੁੱਝ ਹੋਰ ਵੱਧ ਮਜ਼ਬੂਤੀ ਨਾਲ਼, ਕੁੱਝ ਹੋਰ ਵਧੇਰੇ ਸਮੇਂ ਲਈ ਹਾਵੀ ਹੋ ਜਾਂਦੀ ਹੈ।**

**ਸਮਾਜਿਕ ਇਨਕਲਾਬ ਇੱਕ ਵਿਗਿਆਨਕ ਕਿਰਿਆ ਹੈ। ਅਤੇ ਅੱਜ ਦੇ ਯੁੱਗ ਦਾ ਸਮਾਜਿਕ ਇਨਕਲਾਬ, ਯਾਣੀ ਮਜ਼ਦੂਰ ਇਨਕਲਾਬ ਇੱਕ ਸੰਸ਼ਲਿਸ਼ਟਤਮ-ਜਟਿਲਤਮ ਵਿਗਿਆਨਕ ਪ੍ਰਕਿਰਿਆ ਹੈ ਜੋ ਠੋਸ ਸਮਾਜਿਕ ਹਾਲਾਤਾਂ ਦੇ ਅਸਲ ਮੁਲੰਕਣ ਦੀ ਮੰਗ ਕਰਦਾ ਹੈ ਅਤੇ ਲੋਕਾਂ ਦੀ ਤਾਕਤ ਦੇ ਵਿਆਪਕਤਮ, ਸੂਖਮਤਮ ਅਤੇ ਕੁਸ਼ਲਤਮ ਇਸਤੇਮਾਲ ਦੀ ਮੰਗ ਕਰਦਾ ਹੈ। ਬੇਸ਼ੱਕ ਇਨਕਲਾਬੀ ਆਸ਼ਾਵਾਦ, ਉਰਜਸਿਵਤ, ਸਪਿਰਿਟ ਅਤੇ ਜੋਸ਼-ਖਰੋਸ਼ ਜ਼ਰੂਰੀ ਹੈ, ਪਰ ਇਸਦੇ ਨਾਂ 'ਤੇ ਤੁਰਤ-ਫੁਰਤ ਇਨਕਲਾਬ ਕਰ ਲੈਣ ਦੀ, ਕੁਰਬਾਨੀ, ਬਹਾਦਰੀ, ਦਹਿਸ਼ਤ ਅਤੇ ਸਾਜਿਸ਼ ਦੇ ਸਹਾਰੇ ਰਾਜਸੱਤ੍ਹਾ ਨੂੰ ਢਾਹ ਦੇਣ ਦੀ ਮੱਧਵਰਗੀ ਜਲਦਬਾਜ਼ੀ ਇੱਕ ਜਨੂੰਨ ਹੈ, ਹੱਦ ਦਰਜੇ ਦਾ ਸ਼ੇਖਚਿੱਲੀਪਨ ਹੈ, ਚਰਮ-ਕੋਟੀ ਦੀ ਰੂਮਾਨੀਅਤ**

ਭਰੀ ਅੰਤਰਮੁਖਤਾ ਹੈ। ਜੋ ਅਜਿਹੇ ਦਹਿਸ਼ਤਗਰਦ ਇਨਕਲਾਬੀਆਂ ਦੀਆਂ ਸਾਰੀਆਂ ਸ਼ੁਭ ਇਛਾਵਾਂ ਦੇ ਬਾਵਜੂਦ ਲੋਕਾਂ ਅਤੇ ਇਨਕਲਾਬ ਨੂੰ ਸਿਰਫ ਅਤੇ ਸਿਰਫ ਨੁਕਸਾਨ ਹੀ ਪੁਚਾਉਂਦੀ ਹੈ। ਇਤਿਹਾਸ ਨੇ ਇਸਨੂੰ ਵਾਰ-ਵਾਰ ਸਿੱਧ ਕੀਤਾ ਹੈ ਅਤੇ ਅੱਗੇ ਵੀ ਅਜਿਹਾ ਹੀ ਹੋਵੇਗਾ।

**ਦਹਿਸ਼ਗਰਦੀ ਪੂੰਜੀਵਾਦੀ ਸਮਾਜ ਦੀ, ਖਾਸ ਕਰਕੇ ਅਜਿਹੇ ਪਛੜੇ ਹੋਏ ਪੂੰਜੀਵਾਦੀ ਸਮਾਜਾਂ ਦੀ, ਜਿੱਥੇ ਸਾਮਰਾਜਵਾਦੀ-ਪੂੰਜੀਵਾਦੀ ਲੁੱਟ-ਖਸੁੱਟ ਦਾ ਪ੍ਰਭਾਵ ਵਧੇਰੇ ਹੈ ਅਤੇ ਪੂੰਜੀਵਾਦੀ ਜਮਹੂਰੀਅਤ ਦਾ ਘੇਰਾ ਵੀ ਜਾਂ ਤਾਂ ਬਹੁਤ ਤੰਗ ਜਾਂ ਲਗਭਗ ਗੈਰ ਹਾਜ਼ਰ ਹੈ, ਇੱਕ ਲਗਭਗ ਸਥਾਈ ਵਰਤਾਰਾ ਹੈ।** ਮਿਸਾਲ ਦੇ ਤੌਰ 'ਤੇ, ਅੱਜ ਦੇ ਭਾਰਤ ਨੂੰ ਜਾਂ ਸਾਰੇ ਲੈਟਿਨ ਅਮਰੀਕੀ ਦੇਸ਼ਾਂ ਨੂੰ ਲੈ ਸਕਦੇ ਹਾਂ। ਅਜਿਹੇ ਸਮਾਜਾਂ ਵਿੱਚ ਜੋ ਪੂੰਜੀਵਾਦ ਵਿਕਸਿਤ ਹੋਇਆ ਹੈ, ਉਹ ਨਾ ਸਿਰਫ਼ ਮਜ਼ਦੂਰਾਂ ਦੀਆਂ ਹੱਡੀਆਂ ਨੂੰ ਨਿਚੋੜਦਾ ਹੈ, ਸਗੋਂ ਮੱਧਵਰਗ 'ਤੇ ਵੀ ਤਬਾਹੀ ਦਾ ਕਹਿਰ ਵਰ੍ਹਾਉਂਦਾ ਹੈ ਅਤੇ ਉਸਦੀਆਂ ਹੇਠਲੀਆਂ ਪਰਤਾਂ ਨੂੰ ਲਗਾਤਾਰ ਉਜਰਤੀ ਮਜ਼ਦੂਰਾਂ ਦੀਆਂ ਸਫਾਂ ਵਿੱਚ ਧੱਕਦਾ ਰਹਿੰਦਾ ਹੈ। ਇਸ ਪੂੰਜੀਵਾਦ ਵਿੱਚ ਮਜ਼ਦੂਰਾਂ ਦੇ ਨਾਲ਼ ਮੱਧਵਰਗੀ ਅਬਾਦੀ ਦਾ ਵੀ ਕਾਫ਼ੀ ਵਿਸਤਾਰ ਹੋਇਆ ਹੈ, ਜੋ ਬੇਹਤਰ ਸਿੱਖਿਆ, ਖੁਸ਼ਹਾਲੀ ਅਤੇ ਸੁਵਿਧਾਮਈ ਜੀਵਨ ਦੇ ਸੁਪਨੇ ਵੇਖਦੀ ਹੈ। ਪਰ ਇਸਦੇ ਇੱਕ ਬਹੁਤ ਛੋਟੇ ਜਿਹੇ ਉਪਰਲੇ ਹਿੱਸੇ ਦੇ ਹੀ ਇਹ ਸੁਪਨੇ ਪੂਰੇ ਹੁੰਦੇ ਹਨ ਅਤੇ ਇਹ ਹਿੱਸਾ ਪੂੰਜੀਵਾਦੀ ਸਮਾਜਿਕ–ਆਰਥਿਕ–ਰਜਿਨੀਤਿਕ ਢਾਂਚੇ ਦੇ ਇੱਕ ਵਫ਼ਾਦਾਰ ਅਤੇ ਮਜ਼ਬੂਤ ਥੰਮ ਅਤੇ ਸਿਪਾਹੀ ਦੀ ਭੂਮਿਕਾ ਨਿਭਾਉਂਦਾ ਹੈ। **ਬਾਕੀ ਮੱਧਵਰਗ ਦਾ ਵੱਡਾ ਹਿੱਸਾ ਟੁੱਟੇ ਸੁਪਨਿਆਂ ਦੇ "ਮਲਬੇ ਦੇ ਮਾਲਕ" ਦੇ ਰੂਪ ਵਿੱਚ ਜੀਣ ਨੂੰ ਮਜਬੂਰ ਹੈ। ਅਜਿਹੇ ਮੱਧਵਰਗੀ ਨੌਜਵਾਨਾਂ ਵਿੱਚੋਂ ਕੁੱਝ ਆਪਣੀ ਕਿਸਮਤ ਨੂੰ ਘੱਟ-ਵੱਧ ਸਵੀਕਾਰ ਕਰ ਲੈਂਦੇ ਹਨ, ਕੁੱਝ ਆਪਣੇ ਪੀਲੇ-ਬਿਮਾਰ ਚਿਹਰੇ ਲੈ ਕੇ ਇਸ ਜਾਂ ਉਸ ਫ਼ਾਸਿਸਟ ਜਥੇਬੰਦੀ ਜਾਂ ਗਿਰੋਹ ਦੇ ਝੁੰਡ ਵਿੱਚ ਸ਼ਾਮਲ ਹੋ ਜਾਂਦੇ ਹਨ, ਕੁੱਝ ਆਪਣੀ ਕਿਸਮਤ ਨੂੰ ਸਮਾਜਿਕ ਮੁਕਤੀ ਦੇ ਵਿਆਪਕ ਸਵਾਲ ਨਾਲ਼ ਜੋੜਕੇ ਵੇਖਣ ਲੱਗਦੇ ਹਨ, ਕੁੱਝ ਸਿਰਫ ਘੁਟਦੇ ਹੋਏ ਜਿਉਂਦੇ ਰਹਿੰਦੇ ਹਨ ਅਤੇ ਇਨਕਲਾਬੀ ਬਗਾਵਤਾਂ ਦੇ ਦੌਰ ਵਿੱਚ ਹਰਕਤ ਵਿੱਚ ਆਏ ਲੋਕਾਂ ਦਾ ਹਿੱਸਾ ਬਣ ਜਾਂਦੇ ਹਨ ਅਤੇ ਕੁੱਝ ਅਜਿਹੇ ਵੀ ਹੁੰਦੇ ਹਨ ਜੋ ਗੁੱਸੇ ਅਤੇ ਘਿਰਣਾ ਦੀ ਅੱਗ ਵਿੱਚ ਇਸ ਵਿਵਸਥਾ ਨੂੰ ਜਲਾ ਕੇ ਰਾਖ ਕਰ ਦੇਣਾ ਚਾਹੁੰਦੇ ਹਨ। ਇਸੇ ਆਖ਼ਰੀ ਕਿਸਮ ਦੇ ਜਨੂੰਨੀ ਬਗਾਵਤੀ ਮੱਧਵਰਗੀ ਨੌਜਵਾਨਾਂ ਵਿੱਚੋਂ ਦਹਿਸ਼ਤਗਰਦੀ ਦੇ ਨਵੇਂ ਰੰਗਰੂਟ ਭਰਤੀ ਹੁੰਦੇ ਹਨ। ਅਜਿਹੀ ਦਹਿਸ਼ਤਗਰਦੀ ਖੱਬੇਪੱਖੀ ਲਹਿਰ ਦੇ ਦਾਇਰੇ ਦੇ ਵਿੱਚ ਵੀ ਹੋ ਸਕਦੀ ਹੈ ਅਤੇ ਬਾਹਰ ਵੀ ਹੋ ਸਕਦੀ ਹੈ। ਪੂੰਜੀਵਾਦੀ ਸਮਾਜ ਵਿੱਚ ਤੁਰਤ-ਫੁਰਤ ਵਿਵਸਥਾ ਬਦਲਣ ਦੀ ਚਾਹਤ ਰੱਖਣ ਵਾਲ਼ੇ ਅਜਿਹੇ ਰੁਮਾਂਟਿਕ ਬ਼ਗ਼ਾਵਤੀ ਨੌਜਵਾਨ ਪੈਦਾ ਹੁੰਦੇ ਰਹਿਣਗੇ ਜਿਨ੍ਹਾਂ ਵਿੱਚ ਨਾ ਤਾਂ ਇਨਕਲਾਬ ਦੇ ਵਿਗਿਆਨ ਨੂੰ ਸਮਝਣ ਦਾ ਸਬਰ ਹੋਵੇਗਾ ਅਤੇ ਨਾ ਹੀ ਕਿਰਤੀ ਲੋਕਾਂ ਦੀ ਇਤਿਹਾਸ ਬਣਾਉਣ ਦੀ ਤਾਕਤ ਵਿੱਚ ਭਰੋਸਾ। ਇਸ ਤਰਾਂ ਹਰ ਕਿਸਮ ਦੀ ਦਹਿਸ਼ਤਗਰਦੀ ਨੂੰ ਭਰਤੀ ਕਰਨ ਲਈ ਰੰਗ-ਰੂਟ ਮਿਲਦੇ ਰਹਿਣਗੇ ਅਤੇ ਇੱਕ ਜਾਂ ਦੂਜੇ ਰੂਪ ਵਿੱਚ ਇਨ੍ਹਾਂ ਘਟਨਾਵਾਂ ਦੀ ਲਗਾਤਾਰਤਾ ਬਣੀ ਰਹੇਗੀ।**

**ਦੂਜੀ ਮਹੱਤਵਪੂਰਨ ਗੱਲ ਇਹ ਹੈ ਕਿ ਦਹਿਸ਼ਤਗਰਦੀ ਜਾਂ ਮਾਅਰਕੇਬਾਜੀ ਦੀ ਲਾਈਨ ਅਜਿਹੇ ਸਮਿਆਂ ਵਿੱਚ ਖਾਸ ਤੌਰ 'ਤੇ ਮਜਬੂਤ ਹੋ ਕੇ ਉਭਰਦੀ ਹੈ, ਜਦ ਇਨਕਲਾਬਾਂ ਦੀ ਹਾਰਾਂ ਦਾ ਦੌਰ ਹੁੰਦਾ ਹੈ, ਲੋਟੂ-ਹਾਕਮ ਜਮਾਤਾਂ ਨੂੰ ਜਦ ਮਨਮਰਜੀ ਦੀ ਪੂਰੀ ਖੁੱਲ ਹੁੰਦੀ ਹੈ, ਜਦ ਇਨਕਲਾਬੀ ਲਹਿਰ 'ਤੇ ਉਲਟ-ਇਨਕਲਾਬ ਦੀ ਲਹਿਰ ਹਾਵੀ ਹੁੰਦੀ ਹੈ।** ਅਜਿਹੀਆਂ ਅਣ-ਸੁਖਾਂਵੀਆਂ ਹਾਲਤਾਂ ਵਿੱਚ ਆਮ ਬੰਦਾ ਇਕਦਮ ਗੰਡੋਆ ਜਾਂ ਪਾਲਤੂ ਕੁੱਤਾ ਹੋ ਕੇ ਨਹੀਂ ਜੀ ਸਕਦਾ। ਇਸੇਲਈ ਇਧਰ-ਉਧਰ ਛੋਟੇ-ਮੋਟੇ ਆਪਮੁਹਾਰੇ ਅੰਦੋਲਨ ਤੇ ਸੰਘਰਸ਼ ਹੁੰਦੇ ਰਹਿੰਦੇ ਹਨ ਅਤੇ ਇੱਕ ਸਹੀ ਦਿਸ਼ਾ ਅਤੇ ਸਮਝ ਦੀ ਕਮੀ ਵਿੱਚ ਵਿਦਰੋਹ ਦਾ ਇੱਕ ਪ੍ਰਗਟਾਵਾ ਵੱਖ-ਵੱਖ ਦਹਿਸ਼ਤਗਰਦ ਧਾਰਾਵਾਂ ਦੇ ਰੂਪ ਵਿੱਚ ਵੀ ਸਾਹਮਣੇ ਆਉਂਦਾ ਰਹਿੰਦਾ ਹੈ। ਕਿਹਾ ਜਾ ਸਕਦਾ ਹੈ ਕਿ **ਦਹਿਸ਼ਤਗਰਦੀ ਖੜੋਤ, ਜੜ੍ਹਤਾ, ਹਾਰ ਅਤੇ ਪਿਛਾਖੜ ਦੇ ਘੁਟਨ ਭਰੇ ਦੌਰਾਂ ਵਿੱਚ ਇੱਕੋਵੇਲੇ ਨਿਰਾਸ਼ਾ ਅਤੇ ਜੀਉਣ ਦੀ ਉਮੰਗ ਭਰੇ ਵਿਦਰੋਹਾਂ - ਦੋਨਾਂ ਦਾ ਹੀ ਪ੍ਰਗਟਾਵਾ ਹੁੰਦੀ ਹੈ। ਯਾਣੀ ਥੋੜੇ ਸਮੇਂ ਲਈ ਇਸਦਾ ਇੱਕ ਸਕਾਰਾਤਮਕ ਪੱਖ ਹੋ ਸਕਦਾ ਹੈ, ਪਰ ਲੰਮੇ ਸਮੇਂ ਵਿੱਚ, ਆਖ਼ਰੀ ਨਤੀਜੇ ਦੇ ਤੌਰ 'ਤੇ, ਇੱਕ ਰਾਜਨੀਤਿਕ ਕਾਰਜਸੇਧ ਦੇ ਰੂਪ ਵਿੱਚ ਇਸਦੀ ਲਗਾਤਾਰਤਾ ਇਨਕਲਾਬ ਦੀ ਪ੍ਰਕਿਰਿਆ ਨੂੰ ਨੁਕਸਾਨ ਪਹੁੰਚਾਉਂਦੀ ਹੈ ਅਤੇ ਅਸਲ ਵਿੱਚ ਹਾਕਮ ਜਮਾਤਾਂ ਨੂੰ ਲਾਭ ਪਹੁੰਚਾਉਂਦੀ ਹੈ।**

**ਦਹਿਸ਼ਤਗਰਦੀ ਉਦੋਂ ਤੱਕ ਹੀ ਇੱਕ ਪ੍ਰਭਾਵਸ਼ਾਲੀ ਰਾਜਨੀਤਿਕ ਤਾਕਤ ਬਣੀ ਰਹਿੰਦੀ ਹੈ, ਜਦੋਂ ਤੱਕ ਇਨਕਲਾਬ ਦੀ ਸਹੀ ਅਗਵਾਈਕਰਨ ਵਾਲੀਆਂ ਅੰਤਰਮੁਖੀ ਤਾਕਤਾਂ ਕਮਜ਼ੋਰ, ਅਣਹੋਂਦ ਵਿੱਚ, ਹਾਰੀਆਂ ਜਾਂ ਖਿੰਡਾਅ ਦੀ ਹਾਲਤ ਵਿੱਚ ਰਹਿੰਦੀਆਂ ਹਨ ਅਤੇ ਮੱਧਵਰਗ ਅਤੇ ਆਮ ਕਿਰਤੀ ਲੋਕਾਂ ਸਾਹਮਣੇ ਕੋਈ ਬਦਲ ਸਪੱਸ਼ਟ ਨਹੀਂ ਹੁੰਦਾ।** ਇਨਕਲਾਬ ਦੀ ਸਹੀ ਲਾਈਨ ਹਰ ਹਾਲ ਵਿੱਚ ਇਨਕਲਾਬੀ ਜਨਤਕ ਲੀਹ ਲਾਗੂ ਕਰਕੇ ਹੀ ਅੱਗੇ ਵੱਧ ਸਕਦੀ ਹੈ। ਇਸ ਸਹੀ ਲਾਈਨ ਦਾ ਇੱਕ ਲੋੜੀਂਦਾ ਕਾਰਜ ਇਹ ਵੀ ਹੁੰਦਾ ਹੈ ਕਿ ਉਹ ਦਹਿਸ਼ਤਗਰਦੀ ਦੇ ਖਿਲਾਫ਼ ਬਿਨਾਂ ਕਿਸੇ ਸਮਝੌਤੇ ਦੇ ਵਿਚਾਰਧਾਰਕ ਸੰਘਰਸ਼ ਚਲਾਏ ਅਤੇ ਭਟਕੀਆਂ ਹੋਈਆਂ ਇਨਕਲਾਬੀ ਸਫਾਂ ਨੂੰ ਆਪਣੇ ਆਲ਼ੇ-ਦੁਆਲ਼ੇ ਲਿਆ ਕੇ ਖੜ੍ਹਾ ਕਰਨ ਦੀ ਕੋਸ਼ਿਸ਼ ਕਰੇ। ਉਸਦੀ ਜ਼ਿੰਮੇਵਾਰੀ ਹੈ ਕਿ ਉਹ ਵਿਦਰੋਹੀ ਮੱਧਵਰਗੀ ਨੌਜਵਾਨਾਂ ਨੂੰ ਆਪਣੇ ਦਮ 'ਤੇ ਇਨਕਲਾਬ ਕਰ ਲੈਣ ਦੀ ਯੁਟੋਪਿਆਈ ਸੋਚ ਤੋਂ ਛੁਟਕਾਰਾ ਦਵਾ ਕੇ ਬਹੁਗਿਣਤੀ ਕਿਰਤੀ ਲੋਕਾਂ ਨਾਲ਼ ਇੱਕਜੁਟ ਹੋਣ ਲਈ ਪ੍ਰੇਰਿਤ ਕਰੇ।

## ਹਾਕਮ ਜਮਾਤ ਇਨਕਲਾਬ ਨੂੰ ਹੀ ਦਹਿਸ਼ਤਗਰਦੀ ਦੱਸਦੀ ਰਹਿੰਦੀ ਹੈ। ਇਨਕਲਾਬੀ ਹਿੰਸਾ ਅਤੇ ਪਿਛਾਖੜੀ ਹਿੰਸਾ ਵਿਚਾਲੇ ਫ਼ਰਕ ਨੂੰ ਸਮਝਣਾ ਹੋਵੇਗਾ। ਅਹਿੰਸਾ ਦੀ ਭਰਮਪੂਰਨ ਮਿੱਥ ਅਤੇ ਜਮਾਤੀ-ਯੁੱਧ ਵਿੱਚ ਹਿੰਸਾ ਦੀ ਸਰਵਕਾਲਿਕ ਇਤਿਹਾਸਕ ਸੱਚਾਈ। ਇਤਿਹਾਸ ਵਿੱਚ ਤਬਦੀਲੀ ਦਾ ਬਲ-ਸਿਧਾਂਤ।

ਜਿਵੇਂ ਕਿ ਅਸੀਂ ਉਪਰ ਕਹਿ ਚੁੱਕੇ ਹਾਂ, ਹਾਕਮ ਜਮਾਤ ਦਹਿਸ਼ਤਗਰਦ ਕਾਰਵਾਈਆਂ ਤੋਂ ਪਰੇਸ਼ਾਨ ਭਾਵੇਂ ਹੁੰਦੀ ਹੈ ਪਰ ਉਸਨੂੰ ਅਸਲ ਵਿੱਚ ਜੋ ਭੂਤ ਹਰ ਵੇਲੇ

ਡਰਾਉਂਦਾ ਰਹਿੰਦਾ ਹੈ, ਉਹ ਹੈ ਲੋਕ-ਇਨਕਲਾਬ ਦਾ ਭੂਤ। ਇਸੇ ਲਈ, **ਦਹਿਸ਼ਤਗਰਦ ਸਰਗਰਮੀਆਂ ਦਾ ਫਾਇਦਾ ਲੈ ਕੇ, ਉਹ ਹਰ ਤਰਾਂ ਦੀ ਇਨਕਲਾਬੀ ਲੋਕ-ਕਾਰਵਾਈ ਦੀ ਅਗਵਾਈ ਕਰਨ ਵਾਲੀਆਂ ਤਾਕਤਾਂ ਨੂੰ ਵੀ ਦਹਿਸ਼ਤਗਰਦ ਐਲਾਨ ਦਿੰਦੀਆਂ ਹਨ ਅਤੇ ਇਨਕਲਾਬ ਨੂੰ ਹੀ ਦਹਿਸ਼ਤਗਰਦੀ ਦਾ ਰੂਪ ਸਿੱਧ ਕਰਨ ਦੀ ਕੋਸ਼ਿਸ਼ ਕਰਦੀਆਂ ਰਹਿੰਦੀਆਂ ਹਨ। ਇਹ ਇਕ ਦਮ ਸਹੀ ਹੈ ਕਿ ਇਨਕਲਾਬੀ ਜਨਤਕ ਲੀਹ ਦੇ ਹਾਮੀ ਇਨਕਲਾਬੀ ਵੀ ਹਾਕਮ ਜਮਾਤ ਦੀ ਪਿਛਾਖੜੀ ਹਿੰਸਾ ਦੇ ਵਿਰੋਧ ਨੂੰ ਅਤੇ ਸਿਰ ਤੋਂ ਪੈਰ ਤੱਕ ਆਮ ਲੋਕਾਂ ਦੇ ਖ਼ੂਨ ਨਾਲ਼ ਲਿੱਬੜੀ ਅਤੇ ਹਿੰਸਾ ਦੀ ਤਾਕਤ ਨਾਲ਼ ਕਾਇਮ ਰਾਜਸੱਤ੍ਹਾ ਨੂੰ ਉਖਾੜ੍ਹ ਸੁੱਟਣ ਲਈ ਵਿਆਪਕ ਲੋਕਾਂ ਦੁਆਰਾ ਇਨਕਲਾਬੀ ਹਿੰਸਾ ਦੇ ਇਸਤੇਮਾਲ ਨੂੰ ਹਮੇਸ਼ਾਂ ਨਿਆਂਸੰਗਤ ਅਤੇ ਜ਼ਰੂਰੀ ਮੰਨਦੇ ਹਨ। ਇਹ ਇਨਕਲਾਬੀ ਹਿੰਸਾ ਕਿਸੇ ਦੀ ਇੱਛਾ ਤੋਂ ਅਜ਼ਾਦ ਇੱਕ ਇਤਿਹਾਸਕ ਜ਼ਰੂਰਤ ਹੈ ਜੋ ਇਤਿਹਾਸ ਦੇ ਅੱਗੇ ਵਧਣ ਲਈ ਜ਼ਰੂਰੀ ਹੈ। ਹੁਣ ਤੱਕ ਦੇ ਇਤਿਹਾਸ ਵਿੱਚ ਇਸਦੀ ਨਾਂ ਤਾਂ ਕੋਈ ਛੋਟ ਹੈ ਅਤੇ ਨਾਂ ਹੀ ਅੱਗੇ ਹੋਵੇਗੀ। ਆਪਸ ਵਿੱਚ ਵਿਰੋਧੀ ਜਮਾਤਾਂ ਵਿਚਲਾ ਸਬੰਧ, ਹਾਲਾਤ ਭਾਵੇਂ ਯੁੱਧ ਦੇ ਹੋਣ ਜਾਂ ਸ਼ਾਂਤੀ ਦੇ, ਕਦੇ ਵੀ ਸ਼ਾਂਤੀਪੂਰਨ ਨਹੀਂ ਹੁੰਦੇ। ਕੁਦਰਤ ਦੀ ਹੀ ਤਰ੍ਹਾਂ, ਸਮਾਜ ਵਿੱਚ ਵੀ, ਆਪਣੀ ਜੜ੍ਹਤਾ ਦੇ ਸਹਾਰੇ ਅਤੇ ਤਾਕਤ ਦੇ ਦਮ ’ਤੇ ਕਾਇਮ ਕਿਸੇ ਸੱਤ੍ਹਾ ਨੂੰ ਬਦਲਣ ਲਈ ਤਾਕਤ ਦਾ ਪ੍ਰਯੋਗ ਜ਼ਰੂਰੀ ਹੈ ਅਤੇ ਫ਼ਲਸਫ਼ਾਨਾ ਪ੍ਰਿਭਾਸ਼ਾ ਦੇ ਹਿਸਾਬ ਨਾਲ, ਖ਼ੂਨ-ਖਰਾਬਾ ਹੋਵੇ ਜਾਂ ਨਾ ਹੋਵੇ, ਤਾਕਤ ਦਾ ਪ੍ਰਯੋਗ ਆਪਣੇ ਆਪ ਵਿੱਚ ਹਿੰਸਾ ਹੈ। ਅਹਿੰਸਾ ਨਾਲ਼ ਸੱਤ੍ਹਾ ਬਦਲਣ ਦੀ ਧਾਰਨਾ ਅਸਲ ਵਿੱਚ ਇੱਕ ਮਿੱਥ ਹੈ। ਕਿਸੇ ਇੱਕ ਆਦਮੀ ਦਾ ਦਿਲ ਬਦਲ ਸਕਦਾ ਹੈ, ਪਰ ਪੂਰੀ ਲੋਟੂ ਜਮਾਤ ਦਾ ਕਦੇ ਨਹੀਂ। ਜਿਨ੍ਹਾਂ ਪੈਦਾਵਾਰੀ-ਸਬੰਧਾਂ ਕਰਕੇ ਉਸਦੀ ਲੋਟੂ-ਹਾਕਮ ਦੀ ਸਥਿਤੀ ਹੁੰਦੀ ਹੈ, ਉਨ੍ਹਾਂ ਨੂੰ ਬਦਲਣ ਦਾ ਸਵਾਲ ਇੱਕ ਜਮਾਤ ਦੇ ਰੂਪ ਵਿੱਚ ਉਸਦੀ ਹੋਂਦ ਦਾ ਸਵਾਲ ਹੈ, ਇਸੇਲਈ ਉਨ੍ਹਾਂ ਪੈਦਾਵਾਰੀ-ਸਬੰਧਾਂ ਨੂੰ ਕਾਇਮ ਰੱਖਣ ਵਾਲੀ ਰਾਜ ਸੱਤ੍ਹਾ ਦੀ ਤਬਾਹੀ ਨੂੰ ਆਪਣੀ ਇੱਛਾ ਨਾਲ਼ ਕਦੇ ਵੀ ਸਵੀਕਾਰ ਨਹੀਂ ਕਰ ਸਕਦੀ।**

ਖੁਦ ਪੂੰਜੀਵਾਦ ਨੇ ਵੀ ਜਗੀਰਦਾਰੀ ਵਿਰੁੱਧ ਹਿੰਸਕ ਇਨਕਲਾਬ ਜ਼ਰੀਏ ਹੀ ਜਿੱਤ ਹਾਸਲ ਕੀਤੀ ਸੀ। ਪੂੰਜੀਵਾਦੀ-ਜਮਹੂਰੀ ਇਨਕਲਾਬਾਂ ਦੇ ਮਹਾਨ ਨਾਇਕਾਂ ਨੇ ਅਜ਼ਾਦੀ-ਬਰਾਬਰੀ-ਭਾਈਚਾਰੇ ਦੇ ਉਚ ਜਮਹੂਰੀ ਆਦਰਸ਼ਾਂ ਨੂੰ ਲੈ ਕੇ ਸਮੁੱਚੇ ਲੋਕਾਂ ਨੂੰ ਲਾਮਬੰਦ ਕੀਤਾ ਸੀ ਅਤੇ ਜਗੀਰੂ ਰਾਜਸੱਤ੍ਹਾ ਨੂੰ ਤਾਕਤ ਦੇ ਪ੍ਰਯੋਗ ਰਾਹੀਂ ਧੂੜ ਵਿੱਚ ਮਿਲਾ ਦਿੱਤਾ ਸੀ। ਪਰ ਇਨ੍ਹਾਂ ਇਨਕਲਾਬਾਂ ਤੋਂ ਬਾਅਦ ਜਦ ਪੂੰਜੀਪਤੀ ਜਮਾਤ ਸੱਤ੍ਹਾ ਵਿੱਚ ਆਈ ਤਾਂ ਮੁਕਤੀ ਦੇ ਲਾਲ ਝੰਡੇ ਨੂੰ ਧੂੜ ਵਿੱਚ ਸੁੱਟ ਦਿੱਤਾ। ਕਿਰਤੀ ਲੋਕਾਂ ’ਤੇ ਉਸਨੇ ਤਾਕਤ ਦੀ ਵਰਤੋਂ ਕਰਕੇ ਪੂੰਜੀ ਦੀ ਜ਼ਾਲਮ ਸੱਤ੍ਹਾ ਕਾਇਮ ਕੀਤੀ ਅਤੇ ਇਨਕਲਾਬੀ ਹਿੰਸਾ ਦੀ ਬਜਾਏ ਪਿਛਾਖੜੀ ਹਿੰਸਾ ਉਸਦਾ ਹਥਿਆਰ ਬਣ ਗਈ। ਪੂੰਜੀਵਾਦੀ-ਜਮਹੂਰੀ ਇਨਕਲਾਬਾਂ ਦੇ ਨਾਇਕ ਵਾਸ਼ਿੰਗਟਨ, ਜੈਫਰਸਨ, ਰੋਬਸਪਿਅਰ, ਦਾਂਤੋ, ਮਾਰਾ ਆਦਿ ਦਹਿਸ਼ਤਗਰਦ ਨਹੀਂ ਸਨ। ਉਹ ਇਨਕਲਾਬੀ ਸਨ ਜਿਨ੍ਹਾਂ ਨੇ ਬਰਾਬਰੀ ਅਤੇ ਇਨਸਾਫ਼ ਦੇ ਲਈ ਵਿਆਪਕ ਲੋਕਾਂ ਨੂੰ ਨਾਲ਼ ਲੈ ਕੇ ਹਿੰਸਾ ਦੇ ਜ਼ੋਰ ’ਤੇ ਕਾਇਮ ਜਗੀਰੂ ਸੱਤ੍ਹਾ ਦਾ ਹਿੰਸਾ ਦੁਆਰਾ ਨਾਸ਼ ਕੀਤਾ। ਇਸੇ ਤਰ੍ਹਾਂ ਲੈਨਿਨ, ਮਾਓ, ਹੋ-ਚੀ-ਮਿੰਨ ਆਦਿ ਇਨਕਲਾਬੀ

ਵੀ ਦਹਿਸ਼ਤਗਰਦ ਨਹੀਂ ਸਗੋਂ ਮਹਾਨ ਲੋਕ ਨਾਇਕ ਸਨ। ਨਾਜ਼ੀਆਂ ਨੂੰ ਵੀ ਅਹਿੰਸਾ ਦੇ ਉਪਦੇਸ਼ ਨਾਲ਼ ਨਹੀਂ ਸਮਝਾਇਆ ਜਾ ਸਕਦਾ ਸੀ। ਉਨ੍ਹਾਂ ਨੂੰ ਪ੍ਰਚੰਡ ਯੁੱਧ ਵਿੱਚ ਨਸ਼ਟ ਕਰਕੇ ਹੀ ਮਨੁੱਖਤਾ ਨੂੰ ਬਚਾਇਆ ਜਾ ਸਕਦਾ ਸੀ। ਗਾਂਧੀ ਦੇ ਸਬੰਧ ਵਿੱਚ ਵੀ "ਦੇਦੀ ਹਮੇਂ ਅਜ਼ਾਦੀ ਬਿਨਾਂ ਖੜਗ ਬਿਨਾਂ ਢਾਲ" ਇੱਕ ਭਰਮਪੂਰਨ ਝੂਠੀ ਗੱਲ ਹੈ। ਪਹਿਲੀ ਗੱਲ ਤਾਂ ਇਹ ਕਿ ਰਾਜਨੀਤਿਕ ਅਜ਼ਾਦੀ ਦੀ ਪ੍ਰਾਪਤੀ ਵਿੱਚ ਸਿਰਫ਼ ਗਾਂਧੀ ਅਤੇ ਕਾਂਗਰਸ ਦੀ ਹੀ ਨਹੀਂ, ਸਗੋਂ ਦੇਸ਼ ਦੇ ਲੋਕਾਂ ਦੇ ਬਹੁਤ ਸਾਰੇ ਸੰਘਰਸ਼ਾਂ ਦੀ ਮਹੱਤਵਪੂਰਨ ਭੂਮਿਕਾ ਸੀ। ਜਲ ਸੈਨਾ ਵਿਦਰੋਹ, ਮਜ਼ਦੂਰਾਂ ਦੀਆਂ ਦੇਸ਼ਵਿਆਪੀ ਹੜਤਾਲਾਂ ਅਤੇ ਕਿਸਾਨ ਸੰਘਰਸ਼ਾਂ ਨੇ ਬਰਤਾਨਵੀ ਹਾਕਮਾਂ ਸਾਹਮਣੇ ਇਹ ਸਾਫ਼ ਕਰ ਦਿੱਤਾ ਸੀ ਕਿ ਜੇਕਰ ਕਾਂਗਰਸ ਨੂੰ ਸੱਤ੍ਹਾ ਦੇ ਕੇ ਉਹ ਆਪਣੇ ਆਰਥਿਕ ਹਿੱਤਾਂ ਦੀ ਕੁੱਝ ਹੱਦ ਤਕ ਬਚਾਅ ਦੀ ਕੋਸ਼ਿਸ਼ ਨਹੀਂ ਕਰਨਗੇ ਤਾਂ ਇਕ ਪ੍ਰਚੰਡ ਲੋਕ-ਇਨਕਲਾਬ ਦੇ ਹੱਥੀਂ ਉਨ੍ਹਾਂ ਨੂੰ ਸਭ ਕੁੱਝ ਗੁਆਉਣਾ ਪਵੇਗਾ। ਯਾਣੀ ਬਸਤੀਵਾਦ ਦੀ ਹਾਰ ਦੇ ਪਿੱਛੇ ਹਿੰਸਾ ਦੇ ਤੱਥ (ਫੈਕਟ ਔਫ਼ ਵਾਇਲੈਂਸ) ਅਤੇ ਹਿੰਸਾ ਦੀ ਹੀ ਸਾਫ਼ ਫੈਸਲਾਕੁੰਨ ਭੂਮਿਕਾ ਸੀ। ਜਿੱਥੋਂ ਤੱਕ ਕਾਂਗਰਸ ਅਤੇ ਉਸਦੀ ਅਗਵਾਈ ਵਾਲੇ ਰਾਸ਼ਟਰੀ ਅੰਦੋਲਨ ਦੀ ਮੁੱਖਧਾਰਾ ਦਾ ਸਵਾਲ ਹੈ ਉਸਨੇ ਵੀ ਆਪਣਾ ਸੀਮਿਤ ਟੀਚਾ ਅਹਿੰਸਾ ਰਾਹੀਂ ਹਾਸਲ ਨਹੀਂ ਕੀਤਾ। ਖੁਦ ਗਾਂਧੀ ਦੀ ਪਰਿਭਾਸ਼ਾ ਦੇ ਅਨੁਸਾਰ, ਸਿਰਫ ਖੂਨ-ਖ਼ਰਾਬਾ ਹੀ ਨਹੀਂ, ਹਰ ਤਰਾਂ ਦੀ ਤਾਕਤ ਦੀ ਵਰਤੋਂ ਹਿੰਸਾ ਹੁੰਦੀ ਹੈ। ਹਿੰਸਾ ਦਾ ਡਰ ਪੈਦਾ ਕਰਨਾ ਵੀ ਇੱਕ ਹਿੰਸਾ ਹੈ। ਅਹਿੰਸਾ ਦਾ ਮਤਲਬ ਸਿਰਫ਼ ਹਿਰਦੇ-ਪਰਿਵਰਤਨ ਹੀ ਹੋ ਸਕਦਾ ਹੈ। ਭਾਰਤੀ ਪੂੰਜੀਪਤੀ ਜਮਾਤ ਦੀ ਤਾਕਤ ਅਤੇ ਮਹੱਤਵਅਕਾਂਕਸ਼ਾ ਵਧਣ ਦੇ ਨਾਲ਼-ਨਾਲ਼ ਕੌਮੀ ਲਹਿਰ ਦੇ ਦੌਰਾਨ ਕਾਂਗਰਸ ਦੀ ਮੰਗ ਦੀ ਸੁਰ ਵੀ ਲੋਕ-ਲਹਿਰਾਂ ਦੇ ਪ੍ਰਭਾਵ ਦੇ ਰੂਪ ਵਿੱਚ ਬਦਲਦੀ ਗਈ। **ਅੰਗਰੇਜ਼ਾਂ ਨੇ ਹਿਰਦੇ-ਪਰਿਵਰਤਨ ਨਾਲ ਭਾਰਤ ਨਹੀਂ ਛੱਡਿਆ, ਸਗੋਂ ਪ੍ਰਚੰਡ ਲੋਕ-ਲਹਿਰਾਂ ਦੇ ਪ੍ਰਭਾਵ ਅਤੇ ਲੋਕ-ਇਨਕਲਾਬ ਦੀ ਸੰਭਾਵਨਾ ਤੋਂ ਘਬਰਾ ਕੇ ਛੱਡਿਆ ਜਿਸਦਾ ਫ਼ਾਇਦਾ ਕਾਂਗਰਸ ਨੇ ਲਿਆ।**

ਜੋ ਹਾਕਮ ਜਮਾਤ ਲੋਕ ਇਨਕਲਾਬਾਂ ਅਤੇ ਲੋਕ ਸੰਘਰਸ਼ਾਂ ਵਿਰੁੱਧ ਹਿੰਸਾ-ਹਿੰਸਾ ਦਾ ਇੰਨਾ ਸ਼ੋਰ ਮਚਾਉਂਦੀ ਹੈ, ਉਹੀ ਰੋਜ਼-ਰੋਜ਼ ਆਪਣੇ ਹੱਕਾਂ ਦੇ ਲਈ ਸੰਘਰਸ਼ ਕਰ ਰਹੇ ਲੋਕਾਂ ਦੇ ਖਿਲਾਫ਼ ਪੁਲਸੀਆ ਜ਼ੋਰ-ਜ਼ੁਲਮ ਦਾ ਭਰਪੂਰ ਇਸਤੇਮਾਲ ਕਰਦੀ ਹੈ, ਲੋਕ ਸੰਘਰਸ਼ਾਂ ਨੂੰ ਫੌਜ ਦਾ ਇਸਤੇਮਾਲ ਕਰਕੇ ਕੁਚਲ ਦਿੰਦੀ ਹੈ ਅਤੇ ਜੇਲ-ਫਾਂਸੀ-ਕੋੜਿਆਂ ਦੇ ਜ਼ੋਰ 'ਤੇ ਹੀ ਇਸ ਜ਼ਾਲਮ ਅਤੇ ਬੇਇਨਸਾਫ਼ੀ ਦੀ ਵਿਵਸਥਾ ਨੂੰ ਕਾਇਮ ਰੱਖਦੀ ਹੈ। ਇਸਨੂੰ ਉਹ ਕਾਨੂੰਨ-ਵਿਵਸਥਾ ਬਣਾਈ ਰੱਖਣ ਲਈ ਜ਼ਰੂਰੀ ਦੱਸਦੀ ਹੈ। ਯਾਣੀ **ਹਾਕਮ ਜਮਾਤ ਦੀ ਨਜ਼ਰ ਵਿੱਚ, ਆਪਣੇ ਲੋਟੂ-ਰਾਜ ਨੂੰ ਕਾਇਮ ਰੱਖਣ ਲਈ ਜ਼ਰੂਰੀ ਹਿੰਸਾ ਤਾਂ ਸਹੀ ਹੈ, ਪਰ ਇਸ ਹਿੰਸਾਪੂਰਨ ਵਿਵਸਥਾ ਦੇ ਨਾਸ਼ ਦੇ ਲਈ ਕੀਤੀ ਜਾਣ ਵਾਲੀ ਹਿੰਸਾ ਗ਼ਲਤ ਹੈ।** ਕੁੱਝ ਬੁੱਧੀਜੀਵੀ ਅਹਿੰਸਾ ਦੇ ਪੱਖ ਵਿੱਚ ਧਰਮ ਅਤੇ ਪਰੰਪਰਾ ਤੋਂ ਤਰਕ ਪੇਸ਼ ਕਰਦੇ ਹਨ, ਪਰ ਦੁਨੀਆਂ ਦੇ ਸਾਰੇ ਧਾਰਮਿਕ ਅਤੇ ਪੌਰਾਣਿਕ ਮਿਥਕਾਂ ਵਿੱਚ ਵੀ ਅਜਿਹੇ ਨਾਇਕਾਂ ਦੀ ਭਰਮਾਰ ਹੈ,ਜਿਨ੍ਹਾਂ ਨੇ ਹਥਿਆਰ ਚੁੱਕ ਕੇ ਬੇਇਨਸਾਫ਼ੀ ਦਾ ਮੁਕਾਬਲਾ ਕੀਤਾ।

ਇਸ ਗੱਲ ਨੂੰ ਸਮਝ ਲੈਣਾ ਜ਼ਰੂਰੀ ਹੈ ਕਿ **ਤਾਕਤ ਦੀ ਵਰਤੋਂ ਰਾਹੀਂ ਕਾਇਮ ਬੇਇਨਸਾਫੀ ਦੀ ਸੱਤ੍ਹਾ ਨੂੰ ਤਾਕਤ ਦੀ ਵਰਤੋਂ ਤੋਂ ਬਿਨਾਂ ਨਸ਼ਟ ਨਹੀਂ ਕੀਤਾ ਜਾ ਸਕਦਾ।** ਹਿੰਸਾ ਦੀ ਸੱਤਾ ਦੇ ਵਿਰੁੱਧ ਵਿਆਪਕ ਦੱਬੇ-ਕੁਚਲੇ ਲੋਕਾਂ ਦੁਆਰਾ ਹਿੰਸਾ ਦਾ ਸਹਾਰਾ ਲੈਣਾ ਹਮੇਸ਼ਾਂ ਹੀ ਨਿਆਂ-ਸੰਗਤ ਹੈ। ਇਹ ਕਿਸੇ ਦੀ ਮਰਜ਼ੀ ਜਾਂ ਸ਼ੌਕ ਨਹੀਂ ਸਗੋਂ ਇਤਿਹਾਸਕ ਜ਼ਰੂਰਤ ਹੈ। ਇਹੀ **ਇਤਿਹਾਸ ਦਾ ਬਲ-ਸਿਧਾਂਤ ਹੈ**। ਹਿੰਸਾ ਦੀ ਨਿਆਂਸੰਗਤੀ ਜਾਂ ਅਨਿਆਂਸੰਗਤੀ ਇਸ ਗੱਲ ਤੋਂ ਤੈਅ ਹੁੰਦੀ ਹੈ ਕਿ ਉਹ ਜ਼ੋਰ-ਜ਼ੁਲਮ ਦਾ ਸਾਧਨ ਹੈ ਜਾਂ ਉਸਦੇ ਖਿਲਾਫ਼ ਬਗ਼ਾਵਤ ਦਾ ਸਾਧਨ ਹੈ। ਹਾਕਮ ਜਮਾਤ ਦੀ ਪਿਛਾਖੜੀ ਹਿੰਸਾ ਅਤੇ ਵਿਆਪਕ ਲੋਕਾਂ ਦੁਆਰਾ ਉਸਦੇ ਖਿਲਾਫ਼ ਕੀਤੀ ਜਾਣ ਵਾਲ਼ੀ ਹਿੰਸਾ ਵਿੱਚ ਫਰਕ ਕੀਤਾ ਜਾਣਾ ਚਾਹੀਦਾ ਹੈ। **ਦਹਿਸ਼ਤਗਰਦ ਹਿੰਸਾ ਵੀ ਹਾਕਮ ਜਮਾਤ ਦਾ ਵਿਰੋਧ ਕਰਦੀ ਹੈ, ਪਰ ਉਹ ਗ਼ਲਤ ਹੈ ਕਿਉਂਕਿ ਉਸ ਵਿੱਚ ਵਿਆਪਕ ਲੋਕਾਂ ਦੀ ਸਰਗਰਮ ਸ਼ਮੂਲੀਅਤ ਨਹੀਂ ਹੁੰਦੀ ਅਤੇ ਇਸੇ ਲਈ ਉਹ ਇਨਕਲਾਬੀ ਤਬਦੀਲੀ ਦਾ ਟੀਚਾ ਪੂਰਾ ਨਹੀਂ ਕਰ ਸਕਦੀ। ਇੱਕ ਲੋਕ ਇਨਕਲਾਬ ਵੀ ਆਖ਼ਰੀ ਫੈਸਲਾ ਤਾਕਤ ਦੇ ਪ੍ਰਯੋਗ ਰਾਹੀਂ ਹੀ ਕਰਦਾ ਹੈ ਪਰ ਅਜਿਹੀ ਇਨਕਲਾਬੀ ਹਿੰਸਾ ਨਿਆਂਸੰਗਤ ਹੈ ਕਿਉਂਕਿ ਉਹ ਬੇਇਨਸਾਫ਼ੀ ਅਤੇ ਲੁੱਟ ਦਾ ਖਾਤਮਾ ਕਰਦੀ ਹੈ ਅਤੇ ਇਤਿਹਾਸ ਨੂੰ ਅੱਗੇ ਲੈ ਜਾ ਸਕਦੀ ਹੈ।** ਹਰ ਤਰ੍ਹਾਂ ਦੇ ਇਨਕਲਾਬ ਨੂੰ ਹੀ ਦਹਿਸ਼ਤਗਰਦੀ ਸਿੱਧ ਕਰਨ ਦੀ ਸਾਜਿਸ਼ੀ ਚਾਲ ਨੂੰ ਸਮਝਣ ਲਈ ਇਸ ਸਵਾਲ ਨੂੰ ਚੰਗੀ ਤਰ੍ਹਾਂ ਸਮਝ ਲੈਣਾ ਜ਼ਰੂਰੀ ਹੈ।

## ਹਰ ਤਰ੍ਹਾਂ ਦੀ ਹਿੰਸਾ ਦਾ ਮੂਲ ਸਰੋਤ-ਹਾਕਮ ਜਮਾਤ ਦੀ ਹਿੰਸਾ। ਹਰ ਤਰ੍ਹਾਂ ਦੀ ਦਹਿਸ਼ਤਗਰਦੀ ਦਾ ਮੂਲ ਸਰੋਤ-ਰਾਜ ਸੱਤ੍ਹਾ ਦੀ ਦਹਿਸ਼ਤਗਰਦੀ। ਹਰ ਹਾਕਮ-ਜਮਾਤ ਦਹਿਸ਼ਤਗਰਦ। ਅਮਰੀਕਾ-ਦੁਨੀਆਂ ਦਾ ਸਭ ਤੋਂ ਵੱਡਾ ਦਹਿਸ਼ਤਗਰਦ। ਅਗਾਂਹਵਧੂ ਦਹਿਸ਼ਤਗਰਦੀ ਅਤੇ ਪਿਛਾਖੜੀ ਦਹਿਸ਼ਤਗਰਦੀ ਬਾਰੇ।

**ਹਰ ਤਰ੍ਹਾਂ ਦੀ ਹਿੰਸਾ ਦਾ ਕਾਰਨ ਹਾਕਮ ਜਮਾਤ ਦੀ ਹਿੰਸਾ ਹੁੰਦੀ ਹੈ। ਹਰ ਤਰ੍ਹਾਂ ਦੀ ਦਹਿਸ਼ਤਗਰਦੀ ਦਾ ਮੂਲ ਸਰੋਤ ਅਤੇ ਕਾਰਨ ਵੀ ਰਾਜਸੱਤ੍ਹਾ ਦੀ ਦਹਿਸ਼ਤਗਰਦੀ, ਯਾਨੀ ਹਾਕਮ ਜਮਾਤ ਦੀ ਰਾਜਸੱਤ੍ਹਾ ਦੀ ਦਹਿਸ਼ਤਗਰਦੀ ਹੁੰਦੀ ਹੈ।** ਸਮਾਜ ਤੋਂ ਟੁੱਟੀ ਹੋਈ, ਘੱਟਗਿਣਤੀ ਹਾਕਮ ਜਮਾਤ ਦੀ ਰਾਜ ਸੱਤ੍ਹਾ, ਸਿਰਫ਼ ਤੇ ਸਿਰਫ਼ ਦਹਿਸ਼ਤ, ਸਾਜਿਸ਼ ਅਤੇ ਖ਼ੂਨੀ ਦਮਨ ਦੇ ਸਹਾਰੇ ਕਾਇਮ ਰਹਿੰਦੀ ਹੈ ਅਤੇ ਲੋਟੂ ਸਮਾਜਕ-ਆਰਥਕ ਵਿਵਸਥਾ ਨੂੰ ਕਾਇਮ ਰੱਖਣ ਦਾ ਕੰਮ ਕਰਦੀ ਹੈ। **ਇਨਕਲਾਬੀ ਦਹਿਸ਼ਤਗਰਦੀ ਦਾ ਰਸਤਾ ਗ਼ਲਤ, ਅਵਿਵਹਾਰਕ ਅਤੇ ਇਨਕਲਾਬ ਲਈ ਨੁਕਸਾਨਦਾਇਕ ਹੁੰਦਾ ਹੈ ਪਰ ਉਹ ਵੀ ਪੂੰਜੀਵਾਦੀ ਵਿਵਸਥਾ ਵਿਰੁੱਧ ਵਿਦਰੋਹ ਦਾ ਸੁਰ ਹੁੰਦਾ ਹੈ। ਉਸਦਾ ਵੀ ਮੂਲ ਕਾਰਨ ਰਾਜਸੱਤ੍ਹਾ ਦੀ ਦਹਿਸ਼ਤਗਰਦੀ ਹੀ ਹੁੰਦੀ ਹੈ। ਇਸ ਲਈ ਰਾਜਸੱਤ੍ਹਾ ਦੇ ਦਹਿਸ਼ਤਗਰਦਾਂ ਨੂੰ ਕੋਈ ਹੱਕ ਨਹੀਂ ਕਿ ਉਹ ਇਨਕਲਾਬੀ ਦਹਿਸ਼ਤਗਰਦੀ ਨੂੰ ਦੋਸ਼ੀ ਦੱਸਣ। ਇਸ ਲਈ, ਦਹਿਸ਼ਤਗਰਦੀ ਦੇ ਗ਼ਲਤ ਰਸਤੇ ਨੂੰ ਮੰਨਦੇ ਹੋਏ ਵੀ, ਜਨਤਕ ਲੀਹ 'ਤੇ ਚੱਲਣ ਵਾਲੇ ਇਨਕਲਾਬੀ ਰਾਜਸੱਤ੍ਹਾ ਦੁਆਰਾ ਇਨਕਲਾਬੀ ਦਹਿਸ਼ਤਗਰਦਾਂ ਨਾਲ਼ ਮੁਜਰਮਾਂ ਵਰਗਾ ਸਲੂਕ ਕਰਨ ਦਾ ਜ਼ੋਰਦਾਰ ਵਿਰੋਧ ਕਰਦੇ ਹਨ, ਉਨ੍ਹਾਂ ਦੇ ਰਾਜਨੀਤਿਕ ਹੱਕਾਂ ਲਈ ਸੰਘਰਸ਼ ਕਰਦੇ ਹਨ ਅਤੇ ਉਨ੍ਹਾਂ ਨੂੰ ਵਿਵਸਥਾ ਦੇ ਵਿਰੁੱਧ ਯੁੱਧ ਸ਼ੁਰੂ ਕਰਨ ਵਾਲ਼ੇ ਇਨਕਲਾਬੀ ਯੋਧਾ ਅਤੇ ਰਾਜਨੀਤਿਕ**

**ਕੈਦੀ ਦਾ ਦਰਜਾ ਤੇ ਹੱਕ ਦੇਣ ਦੀ ਮੰਗ ਕਰਦੇ ਹਨ।**

ਪੂਰੀ ਦੁਨੀਆਂ ਦੇ ਪੱਧਰ 'ਤੇ ਵੇਖੀਏ ਤਾਂ ਅਮਰੀਕਾ ਅੱਜ ਦਹਿਸ਼ਤਗਰਦੀ ਵਿਰੁੱਧ ਸੰਘਰਸ਼ ਦਾ ਸਭ ਤੋਂ ਵੱਧ ਸ਼ੋਰ ਮਚਾਉਂਦਾ ਹੈ ਅਤੇ ਸਾਰੇ ਸਾਮਰਾਜਵਾਦੀ ਅਤੇ ਪੂੰਜੀਵਾਦੀ ਹਾਕਮ ਉਸਦੀ ਸੁਰ ਵਿੱਚ ਸੁਰ ਮਿਲਾਉਂਦੇ ਹਨ। ਸੱਚਾਈ ਇਹ ਹੈ ਕਿ **ਅਮਰੀਕੀ ਸਾਮਰਾਜਵਾਦੀ ਹੀ ਅੱਜ ਦੁਨੀਆ ਦੇ ਸਭ ਤੋਂ ਵੱਡੇ ਦਹਿਸ਼ਤਗਰਦ ਹਨ।** ਹਿਰੋਸ਼ਿਮਾ ਅਤੇ ਨਾਗਾਸਾਕੀ 'ਤੇ ਪਰਮਾਣੂ ਬੰਬ ਫਾਸੀਵਾਦ ਦੀ ਹਾਰ ਲਈ ਨਹੀਂ, ਸਗੋਂ ਸਾਮਰਾਜਵਾਦੀ ਦੁਨੀਆਂ 'ਤੇ ਆਪਣੀ ਚੌਧਰ ਸਥਾਪਿਤ ਕਰਨ ਲਈ ਸੁੱਟਿਆ ਗਿਆ ਸੀ। ਵੀਅਤਨਾਮ ਤੋਂ ਲੈ ਕੇ ਇਰਾਕ ਤੱਕ ਬਰਬਰ ਨਰਸੰਹਾਰਾਂ ਦਾ ਇੱਕ ਲੰਮਾ ਸਿਲਸਿਲਾ ਰਿਹਾ ਹੈ। ਇਜ਼ਰਾਈਲੀ ਜ਼ਿਅਨਵਾਦੀ ਫਾਸਿਸਟ ਰਾਜ ਸੱਤ੍ਹਾ ਸਿਰਫ਼ ਅਮਰੀਕਾ ਦੇ ਸਹਾਰੇ ਕਾਇਮ ਹੈ ਅਤੇ ਫ਼ਿਲਸਤੀਨੀ ਲੋਕਾਂ 'ਤੇ ਕਹਿਰ ਵਰ੍ਹਾ ਰਹੀ ਹੈ। ਪਿਛਲੀ ਅੱਧੀ ਸਦੀ ਦੌਰਾਨ ਦੁਨੀਆਂ ਦੀਆਂ ਸਭ ਤੋਂ ਜ਼ਾਲਮ ਤਾਨਾਸ਼ਾਹੀ ਹਕੂਮਤਾਂ ਸਿਰਫ਼ ਅਤੇ ਸਿਰਫ਼ ਅਮਰੀਕੀ ਸਰਪ੍ਰਸਤੀ ਦੇ ਦਮ 'ਤੇ ਹੀ ਕਾਇਮ ਰਹੀਆਂ ਹਨ ਅਤੇ ਨਰਸੰਹਾਰਾਂ–ਜ਼ੁਲਮਾਂ ਦਾ ਕਹਿਰ ਵਰ੍ਹਾ ਰਹੀਆਂ ਹਨ। ਦੁਨੀਆਂ ਦੇ ਸਾਰੇ ਇਨਕਲਾਬਾਂ ਨੂੰ ਕੁਚਲਣ ਅਤੇ ਆਰਥਿਕ–ਫੌਜੀ ਘੇਰਾਬੰਦੀ ਕਰਕੇ ਕਰੋੜਾਂ ਨਾਗਰਿਕਾਂ–ਬੁੱਢਿਆਂ–ਬੱਚਿਆਂ ਨੂੰ ਭੁੱਖ ਅਤੇ ਬੀਮਾਰੀਆਂ ਨਾਲ਼ ਮਾਰਨ ਦਾ ਕੰਮ ਅਮਰੀਕਾ 20ਵੀਂ ਸਦੀ ਵਿੱਚ ਲਗਾਤਾਰ ਕਰਦਾ ਰਿਹਾ ਹੈ। ਸੱਚ ਇਹ ਹੈ ਕਿ ਅਮਰੀਕਾ ਹੀ ਦੁਨੀਆਂ ਦਾ ਸਭ ਤੋਂ ਵੱਡਾ ਦਹਿਸ਼ਤਗਰਦ ਦੇਸ਼ ਹੈ ਅਤੇ ਇਸੇ ਕਤਾਰ ਵਿੱਚ ਦੁਨੀਆਂ ਦੇ ਹੋਰ ਸਾਮਰਾਜਵਾਦੀ ਦੇਸ਼ ਸ਼ਾਮਲ ਹਨ। **ਇਨ੍ਹਾਂ ਸਾਮਰਾਜਵਾਦੀਆਂ ਦੀ ਦਹਿਸ਼ਤਗਰਦੀ ਰਾਜਕੀ ਦਹਿਸ਼ਤਗਰਦੀ ਦਾ ਸਰਵ-ਉਚ ਰੂਪ ਹੈ ਅਤੇ ਇਹ ਪੂਰੀ ਦੁਨੀਆਂ ਦੀਆਂ ਸਾਰੀਆਂ ਸਰਕਾਰੀ ਦਹਿਸ਼ਤਗਰਦੀਆਂ ਦੀ ਰੱਖਿਅਕ ਤੇ ਸਹਾਇਕ ਹੈ।**

ਅੱਜ ਜਦੋਂ ਪੂਰੀ ਦੁਨੀਆਂ ਵਿੱਚ ਸਾਮਰਾਜਵਾਦ ਦੇ ਇਨਕਲਾਬੀ ਪ੍ਰਤੀਰੋਧ ਦੀ ਧਾਰਾ ਕਮਜ਼ੋਰ ਹੈ ਤਾਂ ਅਜਿਹੇ ਸਮੇਂ ਵਿੱਚ ਆਮ ਲੋਕਾਂ ਵਿੱਚੋਂ, ਖਾਸਕਰਕੇ ਮੱਧਵਰਗ ਵਿੱਚੋਂ, ਅਜਿਹੇ ਵਿਦਰੋਹੀ ਪੈਦਾ ਹੋ ਰਹੇ ਹਨ ਜਿਨ੍ਹਾਂ ਨੂੰ ਇਨਕਲਾਬ ਦੇ ਵਿਗਿਆਨ ਦੀ ਸਪੱਸ਼ਟ ਸਮਝ ਨਹੀਂ ਹੈ ਅਤੇ ਇਸੇ ਲਈ ਉਹ ਦਹਿਸ਼ਤਗਰਦੀ ਦਾ ਰਸਤਾ ਚੁਣ ਰਹੇ ਹਨ। ਯਾਨੀ **ਹਾਕਮ ਜਮਾਤ ਦੀ ਦਹਿਸ਼ਤਗਰਦੀ ਪੂਰੀ ਦੁਨੀਆਂ ਦੇ ਪੱਧਰ 'ਤੇ ਦਹਿਸ਼ਤਗਰਦੀ ਦੇ ਵਿਰੋਧ ਦੀਆਂ ਵੱਖਰੀਆਂ-ਵੱਖਰੀਆਂ ਧਾਰਾਵਾਂ ਨੂੰ ਜਨਮ ਦੇ ਰਹੀ ਹੈ।**

ਅੱਜ ਸਾਮਰਾਜਵਾਦ ਅਤੇ ਪੂੰਜੀਵਾਦ ਦਾ ਵਿਰੋਧ ਕਰਨ ਵਾਲੀਆਂ ਦੋ ਤਰ੍ਹਾਂ ਦੀਆਂ ਦਹਿਸ਼ਤਗਰਦ ਧਾਰਾਵਾਂ ਸਾਨੂੰ ਵੇਖਣ ਨੂੰ ਮਿਲਦੀਆਂ ਹਨ – **ਇੱਕ ਅਗਾਂਹਵਧੂ, ਸੈਕੂਲਰ ਜੀਵਨ ਦ੍ਰਿਸ਼ਟੀ ਵਾਲੀ ਇਨਕਲਾਬੀ ਦਹਿਸ਼ਤਗਰਦੀ ਅਤੇ ਦੂਜੀ ਮੁੜ-ਸੁਰਜੀਤੀਵਾਦੀ, ਧਾਰਮਿਕ ਕੱਟੜਪੱਖੀ ਜੀਵਨਦ੍ਰਿਸ਼ਟੀ ਵਾਲ਼ੀ ਪਿਛਾਖੜੀ ਦਹਿਸ਼ਤਗਰਦੀ। ਪਹਿਲੀ ਸ਼੍ਰੇਣੀ ਵਿੱਚ** ਆਪਣੇ ਆਪ ਨੂੰ ਖੱਬੇਪੱਖੀ ਮੰਨਣ ਵਾਲੇ ਉਹ "ਖੱਬੇਪੱਖੀ" ਮਾਅਰਕੇਬਾਜ ਅਤੇ ਕੌਮੀ ਮੁਕਤੀ ਲਈ ਸੰਘਰਸ਼ ਕਰੇ ਰਹੇ ਸੈਕੂਲਰ ਮੱਧਵਰਗੀ ਇਨਕਲਾਬੀ ਆਉਂਦੇ ਹਨ, ਜੋ ਭਾਵੇਂ ਲੋਕਾਂ ਦੀ ਤਾਕਤ 'ਤੇ ਭਰੋਸਾ ਨਾ ਕਰਦੇ ਹੋਣ ਅਤੇ ਰਾਜਨੀਤੀ ਨੂੰ ਬੰਦੂਕ ਮਾਤਹਿਤ ਕਰਦੇ ਹੋਣ, ਪਰ ਉਹ ਸੁਚੇਤਨ ਤੌਰ 'ਤੇ ਲੋਕਾਂ ਦੇ ਹਿੱਤ ਬਾਰੇ ਸੋਚਦੇ ਹਨ, ਅਤੀਤ ਦੀ ਬਜਾਏ ਭਵਿੱਖ ਵੱਲ ਵੇਖਦੇ ਹਨ ਅਤੇ ਇੱਕ ਸੈਕੂਲਰ, ਜਮਹੂਰੀ ਜਾਂ ਸਮਾਜਵਾਦੀ ਸਮਾਜ ਬਣਾਉਣ ਨੂੰ ਆਪਣਾ ਨਿਸ਼ਾਨਾ ਐਲਾਨਦੇ ਹਨ। **ਦੂਜੀ ਸ਼੍ਰੇਣੀ ਵਿੱਚ**, **ਅਲਕਾਇਦਾ**, **ਤਾਲੀਬਾਨ** ਆਦਿ ਵਰਗੀਆਂ ਦਹਿਸ਼ਤਗਰਦ ਜਥੇਬੰਦੀਆਂ

ਹਨ, ਜੋ ਧਾਰਮਿਕ ਕੱਟੜਪੱਖੀ ਅਤੇ ਮੁੜ-ਸੁਰਜੀਤੀਵਾਦੀ ਹਨ। ਅੱਜ ਉਹ ਸਾਮਰਾਜਵਾਦ ਦਾ ਵਿਰੋਧ ਕਰ ਰਹੇ ਹਨ, ਪਰ ਸੈਕੂਲਰਿਜ਼ਮ, ਜਮਹੂਰੀਅਤ ਅਤੇ ਸਮਾਜਵਾਦ ਨੂੰ ਵੀ ਉਹ ਬਰਾਬਰ ਦਾ ਦੁਸ਼ਮਣ ਮੰਨਦੇ ਹਨ ਅਤੇ ਆਮ ਕਿਰਤੀ ਲੋਕਾਂ ਦੀ ਰਾਜਸੱਤ੍ਹਾ ਦੇ ਟੀਚੇ ਨੂੰ ਬਹੁਤ ਨਫ਼ਰਤ ਕਰਦੇ ਹਨ। ਆਉਣ ਵਾਲੇ ਸਮੇਂ ਵਿੱਚ ਇਤਿਹਾਸ ਦੀ ਸੁਭਾਵਕ ਚਾਲ ਨਾਲ਼ ਲੋਕ ਇਨਕਲਾਬਾਂ ਦਾ ਰੁਕਿਆ ਹੋਇਆ ਸਿਲਸਿਲਾ ਜਦ ਇੱਕ ਵਾਰ ਫ਼ਿਰ ਗਤੀਮਾਨ ਹੋਵੇਗਾ ਤਾਂ ਪਹਿਲੀ ਸ਼੍ਰੇਣੀ ਦੀਆਂ ਇਨਕਲਾਬੀ ਦਹਿਸ਼ਤਗਰਦ ਸਫਾਂ ਦਾ ਇੱਕ ਵੱਡਾ ਹਿੱਸਾ ਹਮਸਫ਼ਰ ਬਣਕੇ ਉਸ ਵਿੱਚ ਸ਼ਾਮਲ ਹੋ ਜਾਵੇਗਾ। **ਪਰ ਦੂਜੀ** ਸ਼੍ਰੇਣੀ ਦੇ ਪਿਛਾਖੜੀ ਦਹਿਸ਼ਤਗਰਦਾਂ ਨਾਲ਼ ਅਜਿਹਾ ਕਦੇ ਵੀ ਸੰਭਵ ਨਹੀਂ ਹੋਵੇਗਾ। ਉਹ ਮਜ਼ਬੂਤੀ ਨਾਲ਼ ਪਿਛਾਖੜ ਦੇ ਪੱਖ ਵਿੱਚ ਖੜੇ ਹੋਣਗੇ ਅਤੇ ਤਰ੍ਹਾਂ-ਤਰ੍ਹਾਂ ਦੇ ਫਾਸਿਸਟਾਂ ਦੀਆਂ ਜਮਾਤਾਂ ਵਿੱਚ ਸ਼ਾਮਲ ਹੋ ਜਾਣਗੇ ਕਿਉਂਕਿ ਉਨ੍ਹਾਂ ਦੇ ਮੂਲ ਚਰਿਤਰ ਵਿੱਚ ਅੱਜ ਵੀ ਫਾਸੀਵਾਦ ਦੇ ਤੱਤ ਮੌਜੂਦ ਹਨ। ਇਹ ਜੋ ਪਿਛਾਖੜੀ ਦਹਿਸ਼ਤਗਰਦੀ ਹੈ, ਅਸਲ ਵਿੱਚ ਇਹ ਸਾਮਰਾਜਵਾਦ ਦਾ ਹੀ ਭਸਮਾਸੁਰ ਹੈ। ਦੁਨੀਆਂ ਦੇ ਵੱਖਰੇ-ਵੱਖਰੇ ਦੇਸ਼ਾਂ ਵਿੱਚ ਸੈਕੂਲਰ, ਬੁਰਜੂਆ ਜਮਹੂਰੀ ਸੱਤ੍ਹਾ ਵਿਰੁੱਧ ਜਾਂ ਕਿਸੇ ਮੁਕਾਬਲੇ ਦੇ ਸਾਮਰਾਜਵਾਦੀ ਦੇਸ਼ ਦਾ ਪੱਖ ਪੂਰਨ ਵਾਲੀ ਸੱਤ੍ਹਾ ਦੇ ਖਿਲਾਫ ਅਜਿਹੇ ਦਹਿਸ਼ਤਗਰਦ ਗੁੱਟਾਂ ਨੂੰ ਕਦੇ ਅਮਰੀਕਾ ਨੇ ਹੀ ਪਾਲ-ਪੋਸ ਕੇ ਤਿਆਰ ਕੀਤਾ ਸੀ। ਓਸਾਮਾ ਬਿਨ-ਲਾਦੇਨ ਕਦੀ ਅਫ਼ਗਾਨਿਸਤਾਨ ਵਿੱਚ ਰੂਸ ਦੀ ਹਾਮੀ ਨਜ਼ੀਬੁੱਲਾ ਸਰਕਾਰ ਦੇ ਵਿਰੁੱਧ ਅਮਰੀਕੀ ਮੱਦਦ ਨਾਲ਼ ਲੜਨ ਵਾਲ਼ਾ ਭਾੜੇ ਦਾ ਸਿਪਾਹੀ ਸੀ। ਅਫ਼ਗਾਨਿਸਤਾਨ ਦੇ ਸਾਰੇ ਧਾਰਮਿਕ ਕੱਟੜਪੱਖੀ ਗੁੱਟਾਂ ਅਤੇ ਤਾਲੀਬਾਨ ਨੂੰ ਵੀ ਅਮਰੀਕੀ ਸਰਪਰਸਤੀ ਹਾਸਲ ਸੀ। ਜਦ ਇਨ੍ਹਾਂ ਦਾ ਕੰਮ ਪੂਰਾ ਹੋ ਗਿਆ ਅਤੇ ਅਮਰੀਕਾ ਨੇ ਹੱਥ ਖਿੱਚ ਲਿਆ ਤਾਂ ਇਹ ਧਾਰਮਿਕ ਕੱਟੜਪੱਖੀ ਗਰੁੱਪ ਅਜ਼ਾਦ ਹੋ ਕੇ ਕੰਮ ਕਰਨ ਲੱਗੇ। ਇਨ੍ਹਾਂ ਦੇ ਧਾਰਮਿਕ ਕੱਟੜਪੰਥੀ ਵਿਚਾਰਾਂ ਦੀ ਆਜ਼ਾਦ ਗਤੀ ਨੇ ਅਰਬ ਖੇਤਰ ਅਤੇ ਅਫਗਾਨਿਸਤਾਨ ਵਿੱਚ ਅਮਰੀਕੀ ਮਨਸੂਬਿਆਂ ਅਤੇ ਉਨ੍ਹਾਂ ਦੇ ਨਤੀਜਿਆਂ ਨੂੰ ਇਸਲਾਮ-ਵਿਰੋਧੀ ਮੰਨ ਕੇ ਉਸਦੇ ਵਿਰੁੱਧ ਸੰਘਰਸ਼ ਲਈ ਪ੍ਰੇਰਿਤ ਕੀਤਾ, ਜਿਸਦਾ ਨਤੀਜਾ ਅੱਜ ਸਾਹਮਣੇ ਹੈ।

ਖੈਰ ਦਹਿਸ਼ਤਗਰਦੀ ਆਪਣੇ ਇਨਕਲਾਬੀ ਅਤੇ ਪਿਛਾਖੜੀ ਦੋਨਾਂ ਹੀ ਰੂਪਾਂ ਵਿੱਚ, ਮੁੱਖ ਤੌਰ 'ਤੇ — ਸਾਮਰਾਜਵਾਦ ਅਤੇ ਪੂੰਜੀਵਾਦ ਦੀ ਜਾਬਰ ਰਾਜਸੱਤ੍ਹਾ ਦੀ, ਰਾਜਕੀ ਦਹਿਸ਼ਤਗਰਦੀ ਦਾ ਸਿੱਟਾ ਹੈ। ਦਹਿਸ਼ਤਗਰਦੀ ਮੁੜ-ਸੁਰਜੀਤੀ, ਪਿੱਛਲ-ਮੋੜੇ ਅਤੇ ਉਲਟ ਇਨਕਲਾਬ ਦੇ ਹਨ੍ਹੇਰੇ ਵਿੱਚ ਦਿਸ਼ਾਹੀਣ ਵਿਦਰੋਹ ਅਤੇ ਨਿਰਾਸ਼ਾ ਦੇ ਮਾਹੌਲ ਦਾ ਇੱਕ ਸਿੱਟਾ ਹੈ। ਦਹਿਸ਼ਤਗਰਦੀ ਲੋਕ ਇਨਕਲਾਬ ਦੀ ਅਗਵਾਈ ਕਰਨ ਵਾਲੀਆਂ ਤਾਕਤਾਂ ਦੀ ਅਣਹੋਂਦ ਜਾਂ ਕਮਜ਼ੋਰੀ ਜਾਂ ਅਸਫ਼ਲਤਾ ਦਾ ਵੀ ਇੱਕ ਨਤੀਜਾ ਹੈ। ਇਹ ਯੂਟੋਪਿਆਈ, ਰੁਮਾਂਟਿਕ, ਵਿਦਰੋਹੀ ਮੱਧਵਰਗ ਦਾ ਆਪਣੇ ਦਮ 'ਤੇ ਤੁਰਤ-ਫੁਰਤ ਇਨਕਲਾਬ ਕਰ ਲੈਣ ਦਾ ਭਰਮ ਅਤੇ ਕਿਰਤੀ ਲੋਕਾਂ ਦੀ ਜਥੇਬੰਦਕ ਤਾਕਤ ਅਤੇ ਸਿਰਜਣਸ਼ੀਲਤਾ ਵਿੱਚ ਉਸਦੀ ਬੇਭਰੋਸਗੀ ਦਾ ਨਤੀਜਾ ਹੈ। ਦਹਿਸ਼ਤਗਰਦ ਭਟਕਾਅ ਨੂੰ ਚੰਗੀ ਤਰ੍ਹਾਂ ਸਮਝਣਾ ਅਤੇ ਉਸਦੇ ਖਿਲਾਫ਼ ਅਣਥੱਕ ਵਿਚਾਰਧਾਰਕ ਸੰਘਰਸ਼ ਚਲਾਉਣਾ ਨਵੇਂ ਸਿਰੇ ਤੋਂ ਲੋਕ-ਇਨਕਲਾਬ ਦੀ ਤਿਆਰੀ ਦੀ ਇਸ ਦੌਰ ਦੀ ਇੱਕ ਬਹੁਤ ਹੀ ਜ਼ਰੂਰੀ ਜ਼ਿੰਮੇਵਾਰੀ ਹੈ।

# ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਪੁਸਤਕਾਂ

| | | |
|---|---|---|
| 1. | ਨੌਜਵਾਨਾਂ ਨਾਲ ਦੋ ਗੱਲਾਂ (ਪੀਟਰ ਕ੍ਰੋਪੋਟਕਿਨ) | 05.00 ਰੁਪਏ |
| 2. | ਗ਼ਦਰੀ ਸੂਰਬੀਰ (ਰਣਧੀਰ ਸਿੰਘ) | 10.00 ਰੁਪਏ |
| 3. | ਅਜਿਹਾ ਸੀ ਸਾਡਾ ਭਗਤ ਸਿੰਘ (ਸ਼ਿਵ ਵਰਮਾ) | 05.00 ਰੁਪਏ |
| 4. | ਸ਼ਹੀਦ ਚੰਦਰ ਸ਼ੇਖਰ ਆਜ਼ਾਦ (ਭਗਵਾਨ ਦਾਸ ਮਹੌਰ) | 10.00 ਰੁਪਏ |
| 5. | ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਵਿਚਾਰਧਾਰਕ ਵਿਕਾਸ (ਪ੍ਰੋਫੈਸਰ ਬਿਪਨ ਚੰਦਰਾ) | 10.00 ਰੁਪਏ |
| 6. | ਵਿਦਿਆਰਥੀ-ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ | 10.00 ਰੁਪਏ |
| 7. | ਇਨਕਲਾਬ ਦਾ ਸੁਨੇਹਾ (ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਚੋਣਵੀਆਂ ਲਿਖਤਾਂ) | 20.00 ਰੁਪਏ |
| 8. | ਮੈਂ ਨਾਸਤਿਕ ਕਿਉਂ ? | 5.00 ਰੁਪਏ |
| 9. | ਸ਼ਹੀਦ ਸੁਖਦੇਵ ਨੌਘਰੇ ਤੋਂ ਫਾਂਸੀ ਤੱਕ | 20.00 ਰੁਪਏ |
| 10. | ਭਗਤ ਸਿੰਘ ਨੇ ਕਿਹਾ | 5.00 ਰੁਪਏ |
| 11. | ਸ਼ਹੀਦ ਕਰਤਾਰ ਸਿੰਘ ਸਰਾਭਾ | 5.00 ਰੁਪਏ |
| 12. | ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ — ਸ਼ਿਵ ਵਰਮਾ | 10.00 ਰੁਪਏ |
| 13. | ਰਿਜ਼ਰਵੇਸ਼ਨ ਪੱਖ, ਵਿਪੱਖ ਅਤੇ ਤੀਸਰਾ ਪੱਖ | 05.00 ਰੁਪਏ |
| 14. | ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ (ਦੀ ਸ਼ੰਘਾਈ ਟੈਕਸਟ ਬੁੱਕ ਆਫ ਪੋਲੀਟੀਕਲ ਇਕਾਨਮੀ) | 60.00 ਰੁਪਏ |
| 15. | ਸੁਤੰਤਰ ਵਪਾਰ ਦਾ ਸਵਾਲ (ਮਾਰਕਸ, ਏਂਗਲਜ ਅਤੇ ਲੈਨਿਨ) | 10.00 ਰੁਪਏ |
| 16. | ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ | 10.00 ਰੁਪਏ |
| 17. | ਮਾਰਕਸਵਾਦ ਬਾਰੇ ਅੰਬੇਡਕਰ ਦੇ ਵਿਚਾਰ (ਰੰਗਾਨਯਾਕੰਮਾ) | 15.00 ਰੁਪਏ |
| 18. | ਜੰਗਲਨਾਮਾ-ਇਕ ਰਾਜਨੀਤਿਕ ਪੜਚੋਲ | 03.00 ਰੁਪਏ |
| 19. | ਅਮਿੱਟ ਹਨ ਮਜ਼ਦੂਰ ਸੰਗਰਾਮਾਂ ਦੀਆਂ ਚਿਣਗਾਂ — ਦਿਪਾਯਨ ਬੋਸ | 10.00 ਰੁਪਏ |
| 20. | ਸਮਾਜਵਾਦ ਦੀਆਂ ਸਮੱਸਿਆਵਾਂ, ਪੂੰਜੀਵਾਦੀ ਮੁੜ ਬਹਾਲੀ ਅਤੇ ਮਹਾਨ ਪ੍ਰੋਲਤਾਰੀ ਸੱਭਿਆਚਾਰਕ ਇਨਕਲਾਬ | 20.00 ਰੁਪਏ |
| 21. | ਕਿਉਂ ਮਾਓਵਾਦ | 10.00 ਰੁਪਏ |
| 22. | ਫਿਲਾਸਫੀ ਕੋਈ ਗੋਰਖ ਧੰਦਾ ਨਹੀਂ (ਇਕ ਚੀਨੀ ਕਿਤਾਬ ਦਾ ਅਨੁਵਾਦ) | 10.00 ਰੁਪਏ |
| 23. | ਲੈਨਿਨਵਾਦ ਦੀਆਂ ਨੀਹਾਂ — ਸਟਾਲਿਨ | 20.00 ਰੁਪਏ |
| 24. | ਫ਼ਲਸਫਾਨਾ ਲਿਖ਼ਤਾਂ — ਮਾਓ-ਜ਼ੇ-ਤੁੰਗ | 25.00 ਰੁਪਏ |
| 25. | ਮਜ਼ਦੂਰਾਂ ਦੇ ਖ਼ੂਨ ਨਾਲ ਲਿਖੀ ਪੈਰਿਸ ਕਮਿਊਨ ਦੀ ਅਮਰ ਕਹਾਣੀ | 10.00 ਰੁਪਏ |
| 26. | ਬੁਝ ਨਹੀਂ ਸਕਦੀ ਅਕਤੂਬਰ ਇਨਕਲਾਬ ਦੀ ਮਸ਼ਾਲ | 10.00 ਰੁਪਏ |
| 27. | ਦਹਿਸ਼ਤਗਰਦੀ ਬਾਰੇ ਭਰਮ ਅਤੇ ਯਥਾਰਥ | 10.00 ਰੁਪਏ |
| 28. | ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ | 20.00 ਰੁਪਏ |

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ